“ਜੇਕਰ ਅਸਲੀਅਤ ਵਿਚ ਤੁਸੀਂ ਗਰੀਬਾਂ ਦੀ ਮਦਦ ਕਰਨਾ ਚਾਹੁੰਦੇ ਹੋ ਤਾਂ ਪਹਿਲਾਂ ਖ਼ੁਦ ਅਮੀਰ ਬਣੋ, ਫਿਰ ਅਮੀਰ ਬਨਣ ਵਿਚ ਉਨ੍ਹਾਂ ਦੀ ਮਦਦ ਕਰੋ।”



... ਇਹ ਪੁਸਤਕ ਤੁਹਾਨੂੰ ਅਮੀਰੀ ਦਾ ਭੇਤ ਵਿਸਤਾਰ ਨਾਲ ਸਮਝਾਏਗੀ। ਮੇਰਾ ਦਾਅਵਾ ਹੈ ਕਿ ਇਸ ਵਿਸ਼ੇ ’ਤੇ ਤੁਹਾਨੂੰ ਹੁਣ ਦੂਸਰੀ ਕੋਈ ਵੀ ਪੁਸਤਕ ਪੜ੍ਹਨ ਦੀ ਲੋੜ ਨਹੀਂ ਰਹੇਗੀ।

Published in India by:

**QFORD**
New Delhi (India)
Ph.: +91-9313284386 / 9310235817
Email: info@qford.co.in
info@qford.org
Website: http://www.qford.co.in
http://www.bestseller2u.com

First Indian Edition: 2009

Published by QFORD, New Delhi (India)

Punjabi Translation : **Parkash Singh Gill**

Copyright © Reserved

ISBN: 978-81-905924-4-4

Cover designed by: QFORD Concepts

All rights reserved. No part of this publication may be reproduced, stored in or introduced into a retrieval system, or transmitted, in any form, or by any means (electronic, mechanical, photocopying, recording or otherwise) without the prior written permission of QFORD. Any person who does any unauthorized act in relation to this publication may be liable to criminal prosecution and civil claims for damages.

ਅੰਤਰਰਾਸ਼ਟਰੀ ਬੇਸਟ ਸੇਲਰ


# ਅਮੀਰੀ ਦਾ ਭੇਤ

**(ਦੀ ਸਾਇੰਸ ਆਫ਼ ਗੈਟਿੰਗ ਰਿੱਚ ਦਾ ਪੰਜਾਬੀ ਅਨੁਵਾਦ)**
**1910 ਵਿਚ ਲਿਖੀ ਗਈ ਇਤਿਹਾਸਕ ਪੁਸਤਕ**
**ਜੋ ਤੁਹਾਡਾ ਜੀਵਨ ਬਦਲ ਦੇਵੇਗੀ।**

**ਲੇਖਕ**
ਵੈਲੇਸ ਡੇਲੋਏਸ ਵੇਟੱਲਸ

ਕਿਊਫੋਰਡ, ਭਾਰਤ ਵਲੋਂ ਪ੍ਰਕਾਸ਼ਤ

# ਤੁਹਾਡਾ ਨਿਰਣਾ ਤੁਹਾਡਾ ਅਧਿਕਾਰ !




*"ਰੌਸ਼ਨੀ ਵੰਡਣ ਨਾਲ ਦੀਵੇ ਦੀ ਰੌਸ਼ਨੀ ਘੱਟ ਨਹੀਂ ਹੋ ਜਾਂਦੀ।"*

*ਮਦਰ ਟਰੇਸਾ*

*ਸ਼ੱਕ ਰੁਕਾਵਟ ਵੇਖਦਾ ਹੈ, ਵਿਸ਼ਵਾਸ ਰਾਹ*
*ਸ਼ੱਕ ਹਨੇਰਾ ਵੇਖਦਾ ਹੈ, ਵਿਸ਼ਵਾਸ ਰੌਸ਼ਨੀ*
*ਸ਼ੱਕ ਰੋਕਦਾ ਹੈ, ਵਿਸ਼ਵਾਸ ਅੱਗੇ ਵਧਾਉਂਦਾ ਹੈ*
*ਸ਼ੱਕ ਸਵਾਲ ਕਰਦਾ ਹੈ, ਵਿਸ਼ਵਾਸ ਜਵਾਬ ਦੇਂਦਾ ਹੈ।*

*ਰਿਚ ਦੇ ਵੱਸ*

# ਤਤਕਰਾ


ਜਾਣਕਾਰੀ
ਦੋ ਸ਼ਬਦ
1. ਅਮੀਰ ਬਣੋ 11
2. ਅਮੀਰੀ ਦਾ ਵਿਗਿਆਨ 15
3. ਇਕੋ ਜਿਹੇ ਮੌਕੇ 19
4. ਪਹਿਲਾ ਨਿਯਮ 23
5. ਜੀਵਨ ਵਿਸਤਾਰ 29
6. ਲਕਸ਼ਮੀ ਤੁਹਾਡੇ ਦਰਵਾਜ਼ੇ 'ਤੇ 35
7. ਅਹਿਸਾਨਮੰਦੀ 41
8. ਸੋਚ ਨਿਰਧਾਰਤ ਦਿਸ਼ਾ 'ਚ 45
9. ਇੱਛਾ ਸ਼ਕਤੀ ਦਾ ਸਹੀ ਉਪਯੋਗ 51
10. ਸਫ਼ਲਤਾ ਦਾ ਬੀਜ 57
11. ਜਤਨ ਸਹੀ ਦਿਸ਼ਾ ਵਿਚ 61
12. ਕੁਸ਼ਲ ਜਤਨ 67
13. ਸਹੀ ਕੰਮ ਦੀ ਤਲਾਸ਼ 71
14. ਬਹੁਲਤਾ ਦੀ ਇੱਛਾ 75
15. ਪ੍ਰਗਤੀ ਪੁਰਸ਼ 79
16. ਨਿਸ਼ਕਰਸ਼ ਅਤੇ ਸਾਵਧਾਨੀਆਂ 83


*ਮੰਗੋ, ਤੁਹਾਨੂੰ ਦਿੱਤਾ ਜਾਏਗਾ, ਪਰ ਸੰਤੁਸ਼ਟਾਂ ਤੋਂ ਵਾਪਸ ਲੈ ਲਿਆ ਜਾਏਗਾ।*

*ਬਾਈਬਲ*

*ਸਿਖਰ 'ਤੇ ਪਹੁੰਚ ਕੇ ਹੀ ਤੁਸੀਂ ਹੋਰ ਸਿਖਰਾਂ ਨੂੰ ਪਾਰ ਕਰਨ ਦੀ ਕਲਾ ਸਿਖ ਸਕੋਗੇ।*

*-ਨੈਲਸਨ ਮੰਡੇਲਾ*

*ਨਿਸ਼ਚਿਤ ਟੀਚੇ ਵਾਲੇ ਵਿਅਕਤੀ ਕੁੱਝ ਵੀ ਪ੍ਰਾਪਤ ਕਰ ਸਕਦੇ ਹਨ।*

*-ਸੈਮੂਅਲ ਵਿਲਸਨ*

*ਹੀਰਿਆਂ ਦੀ ਖੋਜ ਵਿਚ ਜ਼ਿਆਦਾਤਰ ਕੋਇਲਾ ਹੀ ਹੱਥ ਲਗਦਾ ਹੈ, ਮੁੱਲ ਹੁੰਦਾ ਹੈ ਤਾਂ ਸਿਰਫ਼ ਹੀਰਿਆਂ ਦਾ। ਖੁਦਾਈ ਕਰਨ ਵਾਲੇ ਦਾ ਪੂਰਾ ਧਿਆਨ ਹੀਰਿਆਂ ਵੱਲ ਰਹਿੰਦਾ ਹੈ ਨਾ ਕਿ ਕੋਇਲੇ ਵੱਲ ਕਿਉਂਕਿ ਉਸ ਦਾ ਟੀਚਾ ਹੀਰੇ ਹਨ ਨਾ ਕਿ ਕੋਇਲਾ।*

*-ਸਵੇਟ ਮਾਰਡਨ*

*ਜੇਕਰ ਇਸ ਦੁਨੀਆਂ ਦੇ ਹੋਣ ਦਾ ਕੋਈ ਮਕਸਦ ਹੈ ਤਾਂ ਇਸ ਵਿਚ ਸਾਡੇ ਹੋਣ ਦਾ ਵੀ ਇਕ ਮਕਸਦ ਹੈ, ਇਸ ਨੂੰ ਲੱਭੋ।*

*-ਆਈਨਸਟਾਈਨ*

*ਪੈਸਾ ਉਸ ਛੇਵੀਂ ਇੰਦ੍ਰੀ ਵਰਗਾ ਹੈ ਜਿਸ ਦੀ ਕਮੀ ਕਾਰਨ ਬਾਕੀ ਪੰਜ ਵੀ ਕ੍ਰਿਆਹੀਣ ਹੋ ਜਾਂਦੀਆਂ ਹਨ।*

*-ਵਿਲੀਅਮ ਸਮਰਸੇਟ ਮਘਮ*

*ਪਿਆਰ ਹੀ ਸਭ ਕੁੱਝ ਹੈ, ਪੈਸਾ ਨਹੀਂ। ਕਿਸਮਤ ਨਾਲ ਮੈਂ ਪੈਸੇ ਨਾਲ ਪਿਆਰ ਕਰਦਾ ਹਾਂ।*

*-ਬਿਲਿ ਲਿਮ*

*ਤੁਸੀਂ ਜਾਣਦੇ ਹੋ ਕਿ ਰੁਪਿਆ ਸਾਰੀਆਂ ਮੁਸੀਬਤਾਂ ਦੀ ਜੜ੍ਹ ਹੈ, ਪਰ ਕੀ ਤੁਹਾਨੂੰ ਪਤਾ ਹੈ ਰੁਪਏ ਦੀ ਜੜ੍ਹ ਕਿੱਥੇ ਹੈ ?*

*-ਐਨੀ ਰੈਂਡ*

*ਅਸੀਂ ਖ਼ੁਦ ਨੂੰ ਹੀ ਧਨਵਾਨ ਬਣਨ ਤੋਂ ਰੋਕਦੇ ਹਾਂ।*

*-ਅਗਿਆਤ*

*ਹਰ ਆਦਮੀ ਸਵਰਗ ਜਾਣਾ ਚਾਹੁੰਦਾ ਹਾਂ ਪਰ ਕੋਈ ਮਰਨਾ ਨਹੀਂ ਚਾਹੁੰਦਾ।*

*-ਅਗਿਆਤ*

# ਜਾਣਕਾਰੀ

ਪਿਛਲੀ ਇਕ ਸਦੀ ਤੋਂ ਵੀ ਜ਼ਿਆਦਾ ਸਮੇਂ ਤੋਂ ਹਜ਼ਾਰਾਂ-ਲੱਖਾਂ ਲੋਕਾਂ ਲਈ ਪ੍ਰੇਰਨਾ ਸਰੋਤ ਸਾਬਤ ਹੋ ਚੁੱਕੇ; ਅੰਤਰਰਾਸ਼ਟਰੀ ਬੈਸਟ ਸੇਲਰ "ਦ ਸਾਇੰਸ ਆਫ਼ ਗੈਟਿੰਗ ਰਿੱਚ" ਦੇ ਲੇਖਕ ਵੈਲੇਸ ਡੇਲੋਏਸ ਵੇਟਲਸ (1860-1911) ਦਾ ਨਾਂ ਕਿਸੇ ਤਾਰੀਫ਼ ਦਾ ਮੁਹਤਾਜ਼ ਨਹੀਂ ਹੈ। ਹਾਲਾਂਕਿ ਉਹਨਾਂ ਦੇ ਬਾਰੇ 'ਚ ਲੋਕ ਬਹੁਤ ਘੱਟ ਜਾਣਦੇ ਹਨ; ਸਿਵਾਏ ਇਸ ਦੇ ਕਿ ਉਹਨਾਂ ਦਾ ਜਨਮ ਅਮਰੀਕਾ ਵਿਚ ਹੋਇਆ ਅਤੇ ਆਪਣੇ ਮੁੱਢਲੇ ਦਿਨਾਂ ਵਿਚ ਉਹਨਾਂ ਨੂੰ ਭਾਰੀ ਤਣਾਅ, ਗਰੀਬੀ ਅਤੇ ਅਸਫਲਤਾ ਦੇ ਦੌਰ 'ਚੋਂ ਲੰਘਣਾ ਪਿਆ ਸੀ।

ਇਸ ਲਈ ਵੇਲਟਸ ਨੇ ਆਪਣਾ ਜੀਵਨ ਬਦਲਣ ਦਾ ਫ਼ੈਸਲਾ ਕੀਤਾ। ਉਹਨਾਂ ਦੇ ਸ਼ਬਦਾਂ ਵਿਚ, "ਜੇਕਰ ਤੁਸੀਂ ਅਮੀਰ, ਕਾਮਯਾਬ ਅਤੇ ਤੰਦਰੁਸਤ ਬਨਣ ਦਾ ਫ਼ੈਸਲਾ ਨਹੀਂ ਲੈਂਦੇ ਹੋ ਤਾਂ ਸਮਝੋ ਕਿ ਅਨਜਾਣੇ ਵਿਚ ਤੁਸੀਂ ਗਰੀਬ, ਨਾਕਾਮਯਾਬ ਅਤੇ ਰੋਗੀ ਬਣੇ ਰਹਿਣ ਦਾ ਫ਼ੈਸਲਾ ਕਰ ਲਿਆ ਹੈ।" ਕਾਮਯਾਬੀ ਵੇਲਟਸ ਦੀ ਪਹਿਲ ਸੀ, ਉਹਨਾਂ ਦੀ ਧੀ ਫਲੋਰੈਂਸ ਦੇ ਅਨੁਸਾਰ, "ਉਹ ਜ਼ਿਆਦਾਤਰ ਲਿਖਣ ਵਿਚ ਹੀ ਰੁੱਝੇ ਰਹਿੰਦੇ ਸਨ। ਕਾਮਯਾਬ ਲੇਖਕ, ਸ਼ਕਤੀ ਦੂਤ ਅਤੇ ਪ੍ਰਗਤੀ ਪੁਰਸ਼ ਬਨਣਾ ਉਹਨਾਂ ਦਾ ਸੁਪਨਾ ਸੀ, ਜਿਸ ਨੂੰ ਸਾਕਾਰ ਕਰਨ ਲਈ ਉਹਨਾਂ ਨੇ ਦਿਨ-ਰਾਤ ਕੰਮ ਕੀਤਾ। ਉਹਨਾਂ ਨੇ ਇਸ ਪੁਸਤਕ ਦੇ ਹਰੇਕ ਪੰਨੇ ਨੂੰ ਜੀਵਿਆ ਹੈ ... ਹਕੀਕਤ ਵਿਚ ਉਹ ਸ਼ਕਤੀ ਦਾ ਵਿਸ਼ਾਲ ਸਰੋਤ ਸੀ।" ਵੇਟੱਲਸ ਡੇ ਸਕਰਟਸ, ਇਮਰਸਨ, ਹੇਗਲ, ਲੇਬਨਿਤਜ਼, ਸ਼ੋਪੇਨਹੌਰ ਅਤੇ ਪਿਨੋਜ਼ਾ ਤੋਂ ਜ਼ਿਆਦਾ ਪ੍ਰਭਾਵਤ ਸਨ।

ਲਗਾਤਾਰ ਅਧਿਐਨ ਅਤੇ ਸਖ਼ਤ ਮਿਹਨਤ ਦੇ ਨਤੀਜੇ ਵਜੋਂ ਧਨ-ਦੌਲਤ, ਸਿਹਤ ਅਤੇ ਸਫਲਤਾ ਨੂੰ ਮਿਲਾ ਕੇ ਉਹਨਾਂ ਨੇ ਇਕ ਨਵੇਂ ਦਰਸ਼ਨ ਨੂੰ ਜਨਮ

ਦਿੱਤਾ। ਜਿਸ ਦੇ ਕਾਰਨ ਉਹਨਾਂ ਦੇ ਆਪਣੇ ਜੀਵਨ ਵਿਚ ਭਾਰੀ ਬਦਲਾਓ ਹੋਇਆ।

ਸਾਲ 1910 ਵਿਚ ਇਸ ਪੁਸਤਕ ਦੇ ਪ੍ਰਕਾਸ਼ਨ ਤੋਂ ਬਾਅਦ ਉਹਨਾਂ ਦਾ ਸੁਰਗਵਾਸ ਹੋ ਗਿਆ। ਪਰ ਉਹਨਾਂ ਦੀ ਇਤਿਹਾਸਕ ਲਿਖਤ ਅੱਜ ਵੀ ਪ੍ਰੇਰਨਾ ਸਰੋਤ ਬਣ ਕੇ ਸਾਰੀ ਦੁਨੀਆਂ ਵਿਚ ਲੱਖਾਂ ਲੋਕਾਂ ਨੂੰ ਅਮੀਰ ਬਨਣ ਦਾ ਰਹੱਸ ਦਸ ਰਹੀ ਹੈ।

*"ਤੁਹਾਡਾ ਇੰਤਜ਼ਾਰ ਕਿਸੇ ਪਰਬਤ ਦੀ ਉਚਾਈ ਨੂੰ ਘੱਟ ਨਹੀਂ ਕਰ ਦੇਵੇਗਾ।"*
*"ਸਹੀ ਰਾਹ 'ਤੇ ਹੀ ਸਹੀ, ਤੁਹਾਨੂੰ ਦੌੜਨਾ ਤਾਂ ਪਵੇਗਾ ਹੀ।"*
*ਵਿਲ ਰੋਜਰਸ*



# ਦੋ ਸ਼ਬਦ

ਇਹ ਪੁਸਤਕ ਕਿਸੇ ਦੀ ਬੁਰਾਈ ਕਰਨ ਲਈ ਜਾਂ ਤੁਹਾਨੂੰ ਕੋਈ ਨਵੀਂ ਫ਼ਿਲਾਸਫ਼ੀ ਸਿਖਾਉਣ ਲਈ ਨਹੀਂ ਲਿਖੀ ਗਈ ਹੈ। ਇਹ ਇਕ ਪੂਰਨ ਵਿਹਾਰਕ ਪੁਸਤਕ ਹੈ, ਜਿਹੜੀ ਹਰ ਉਸ ਔਰਤ ਅਤੇ ਪੁਰਸ਼ ਲਈ ਇਕੋ ਜਿੰਨੀ ਉਪਯੋਗੀ ਹੈ ਜਿਸ ਦਾ ਉਦੇਸ਼ ਅਮੀਰ ਬਨਣਾ ਹੈ। ਇਹ ਪੁਸਤਕ ਉਹਨਾਂ ਲਈ ਹੈ ਜਿਹੜੇ ਕਿਰਿਆ-ਪ੍ਰਤੀਕ੍ਰਿਆ ਦੇ ਸਿਧਾਂਤ ਨੂੰ ਬਿਨਾਂ ਉਸ ਦੀ ਗਹਿਰਾਈ ਵਿਚ ਜਾਏ ਜਾਣਨਾ ਚਾਹੁੰਦੇ ਹਨ।

ਤੁਹਾਡੇ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਤੁਸੀਂ ਇਸ ਪੁਸਤਕ ਵਿਚ ਦੱਸੇ ਸਿਧਾਂਤਾਂ 'ਤੇ ਬਿਨਾਂ ਸਵਾਲ ਕੀਤਿਆਂ ਭਰੋਸਾ ਅਤੇ ਅਮਲ ਕਰੋਗੇ; ਜਿਵੇਂ ਕਿ ਅੱਜ ਮਾਰਕੋਨੀ ਅਤੇ ਐਡੀਸਨ ਦੇ ਸਿਧਾਂਤਾਂ 'ਤੇ ਕੀਤਾ ਜਾਂਦਾ ਹੈ। ਮੇਰਾ ਦਾਅਵਾ ਹੈ ਕਿ ਜਿਹੜਾ ਪੁਰਸ਼ ਅਤੇ ਔਰਤ ਇਹਨਾਂ ਨਿਯਮਾਂ ਦਾ ਬੇਹਿਚਕ ਪਾਲਨ ਕਰੇਗਾ, ਥੋੜ੍ਹੇ ਸਮੇਂ ਬਾਅਦ ਹੀ ਉਹ ਅਮੀਰ ਹੋ ਜਾਏਗਾ। ਕਿਉਂਕਿ ਇਹ ਨਿਯਮ ਵਿਗਿਆਨ 'ਤੇ ਅਧਾਰਤ ਹਨ, ਇਸ ਲਈ ਤੁਹਾਡਾ ਅਸਫ਼ਲ ਹੋਣਾ ਅਸੰਭਵ ਹੈ।

ਇਸ ਕਿਤਾਬ ਨੂੰ ਲਿਖਦੇ ਹੋਏ ਭਾਸ਼ਾ ਦੀ ਸਪਸ਼ਟਤਾ, ਸਰਲਤਾ ਅਤੇ ਸਾਦਗੀ ਦਾ ਖ਼ਾਸ ਧਿਆਨ ਰਖਿਆ ਗਿਆ ਹੈ ਤਾਂ ਕਿ ਸਾਰੇ ਲੋਕ ਦਸੀਆਂ ਜਾ ਰਹੀਆਂ ਗੱਲਾਂ ਦਾ ਅਰਥ ਸਮਝ ਸਕਣ। ਦਸੇ ਗਏ ਸਿਧਾਂਤ; ਇਹਨਾਂ ਤੇ ਲੰਮੇ ਸਮੇਂ ਤਕ ਕੀਤੇ ਗਏ ਪ੍ਰਯੋਗਾਂ ਦਾ ਨਤੀਜਾ ਹੈ। ਅਮੀਰ ਬਣੋ ...

ਸ਼ੁਭ ਕਾਮਨਾਵਾਂ ਸਹਿਤ ਤੁਹਾਡਾ

ਵੈਲੇਸ ਡੇਲੋਏਸ ਵੇਟੱਲਸ

## ਅਧਿਆਇ-1

# ਅਮੀਰ ਬਣੋ

ਗਰੀਬੀ ਦੀ ਕਿੰਨੀ ਵੀ ਤਰਫ਼ਦਾਰੀ ਕੀਤੀ ਜਾਏ ਫਿਰ ਵੀ ਕੋਈ ਇਸ ਸੱਚ ਤੋਂ ਮੂੰਹ ਨਹੀਂ ਮੋੜ ਸਕਦਾ ਕਿ ਅਮੀਰ ਬਣੇ ਬਿਨਾਂ ਪੂਰਨ ਅਤੇ ਸਫ਼ਲ ਜੀਵਨ ਜੀਉਣਾ ਮੁਸ਼ਕਲ ਹੀ ਨਹੀਂ ਅਸੰਭਵ ਵੀ ਹੈ। ਇਸ ਵਿਚ ਕੋਈ ਦੋ ਰਾਇ ਨਹੀਂ ਹੈ ਕਿ ਧਨ ਦੀ ਕਮੀ ਦੇ ਕਾਰਨ ਪ੍ਰਤਿਭਾ, ਪ੍ਰਦਰਸ਼ਨ ਅਤੇ ਆਤਮਕ ਵਿਕਾਸ ਦੇ ਸ਼ਿਖ਼ਰ ਤਕ ਪਹੁੰਚਣਾ ਬਹੁਤ ਹੀ ਮੁਸ਼ਕਲ ਹੈ ਕਿਉਂਕਿ ਆਤਮਕ ਅਤੇ ਪ੍ਰਤਿਭਾ ਦੇ ਵਿਕਾਸ ਲਈ ਕਈ ਸਾਧਨਾਂ ਦੀ ਲੋੜ ਹੁੰਦੀ ਹੈ ਅਤੇ ਪੈਸੇ ਦੀ ਕਮੀ ਕਾਰਨ ਕਈ ਸਾਧਨਾਂ ਨੂੰ ਪ੍ਰਾਪਤ ਵੀ ਨਹੀਂ ਕੀਤਾ ਜਾ ਸਕਦਾ।

ਸਾਧਨਾਂ ਦਾ ਉਪਯੋਗ ਕਿਸੇ ਵੀ ਮਨੁੱਖ ਵੱਲੋਂ ਮਾਨਸਿਕ, ਆਤਮਕ ਤੇ ਸਰੀਰਕ ਵਿਕਾਸ ਲਈ ਕਰਿਆ ਜਾਂਦਾ ਹੈ; ਇਸ ਲਈ ਅਰਥ-ਵਿਵਸਥਾ ਦੇ ਇਸ ਯੁੱਗ ਵਿਚ ਅਮੀਰ ਬਨਣ ਦੇ ਵਿਗਿਆਨ ਨੂੰ ਸਾਨੂੰ ਜਾਨਣਾ ਹੀ ਹੋਵੇਗਾ।

ਲਗਾਤਾਰ ਵਿਕਾਸ ਹੀ ਸਾਡੇ ਜੀਵਨ ਦਾ ਇਕੋ-ਇਕ ਉਦੇਸ਼ ਹੈ। ਦੂਜੇ ਸ਼ਬਦਾਂ ਵਿਚ ਕਿਹਾ ਜਾਏ ਤਾਂ ਤਰੱਕੀ ਨੂੰ ਲਗਾਤਾਰ ਯੋਗਦਾਨ ਦੇਣਾ ਸਾਡਾ ਪਹਿਲਾ ਅਧਿਕਾਰ ਹੈ ਅਤੇ ਫ਼ਰਜ਼ ਵੀ।

ਸਭ ਤੋਂ ਪਹਿਲਾਂ ਤੁਸੀਂ ਕਿਸੇ ਵੀ ਵਸਤੂ ਨੂੰ ਪ੍ਰਾਪਤ ਕਰਨ ਦੀ ਰੁਕਾਵਟ (ਧਨ ਦੀ ਕਮੀ) ਨੂੰ ਦੂਰ ਕਰੋ ਤਾਂ ਹੀ ਮਾਨਸਿਕ, ਅਧਿਆਤਮਕ ਅਤੇ ਭੌਤਿਕ ਵਿਕਾਸ ਲਈ ਤਨ-ਮਨ ਨਾਲ ਕੰਮ ਕੀਤਾ ਜਾ ਸਕਦਾ ਹੈ। ਯਾਨੀ ਕਿ ਅਪਾਰ ਧਨ-ਦੌਲਤ ਨੂੰ ਪ੍ਰਾਪਤ ਕਰਨ ਅਤੇ ਪ੍ਰਾਪਤ ਕਰਨ ਦੇ ਝੰਜਟ ਤੋਂ ਮੁਕਤੀ ਨੂੰ ਤੁਹਾਡੀ ਤਰੱਕੀ ਦਾ ਸ਼ੁਭ ਆਰੰਭ ਕਿਹਾ ਜਾ ਸਕਦਾ ਹੈ।

ਅਮੀਰੀ ਦਾ ਉਦੇਸ਼ ਘੱਟ ਵਿਚ ਸੰਤੋਖ ਕਰਨਾ ਅਤੇ ਸੰਤੁਸ਼ਟੀ ਨੂੰ ਜਨਮ ਦੇਣਾ ਤਾਂ ਬਿਲਕੁਲ ਵੀ ਨਹੀਂ ਹੈ। ਜਦੋਂ ਤੁਸੀਂ ਵੱਡੀ ਸਫ਼ਲਤਾ ਨੂੰ ਪ੍ਰਾਪਤ ਕਰਨ ਦੀ ਯੋਗਤਾ

ਰਖਦੇ ਹੋ ਤਾਂ ਫਿਰ ਥੋੜ੍ਹੇ ਵਿਚ ਸੰਤੋਖ ਕਿਉਂ ਕੀਤਾ ਜਾਏ ? ਕੁਦਰਤ ਵੀ ਤਰੱਕੀ, ਪ੍ਰਸਾਰ ਅਤੇ ਵਿਕਾਸ ਨੂੰ ਪਸੰਦ ਕਰਦੀ ਹੈ। ਇਸ ਲਈ ਇਸ ਕੰਮ ਵਿਚ ਕ੍ਰਿਆਸ਼ੀਲ ਯੋਗਦਾਨ ਦੇਣਾ ਸਾਡਾ ਧਰਮ ਬਣਦਾ ਹੈ। ਅਰਥਾਤ ਥੋੜ੍ਹੇ ਸੰਤੋਖ ਤੋਂ ਵੱਡਾ ਹੋਰ ਕੋਈ ਪਾਪ ਨਹੀਂ ਹੈ। ਖ਼ੁਸ਼ਹਾਲ ਅਤੇ ਸੰਪੂਰਨ ਜੀਵਨ ਜੀਉਣ ਲਈ ਜੋ ਅਤੇ ਜਿੰਨਾ ਵੀ ਤੁਹਾਨੂੰ ਚਾਹੀਦਾ ਹੈ ਜੇਕਰ ਉਹ ਸਾਰਾ ਕੁਝ ਵਰਤਮਾਨ ਵਿਚ ਤੁਹਾਡੇ ਕੋਲ ਹੈ ਤਾਂ ਤੁਸੀਂ ਅਮੀਰ ਹੋ, ਹੋਰ ਇਸ ਦੁਨੀਆਂ ਵਿਚ ਇਹੋ ਜਿਹਾ ਕੋਈ ਵੀ ਇਨਸਾਨ ਨਹੀਂ ਹੈ ਜਿਹੜਾ ਇਹ ਸਾਰਾ ਕੁੱਝ ਹਾਸਲ ਕਰਨ ਦੀ ਯੋਗਤਾ ਨਾ ਰਖਦਾ ਹੋਵੇ। ਅੱਜ ਵਿਕਾਸ ਦੀ ਅੰਨ੍ਹੀ ਦੌੜ ਵਿਚ ਜੀਵਨ ਏਨਾ ਜਟਿਲ ਹੋ ਚੁਕਿਆ ਹੈ ਕਿ ਇਸ ਨੂੰ ਸਹੀ ਢੰਗ ਨਾਲ ਜੀਉਣ ਮਾਤਰ ਲਈ ਕਾਫ਼ੀ ਪੂੰਜੀ ਦੀ ਲੋੜ ਹੁੰਦੀ ਹੈ। ਨਾਲ ਹੀ ਹਰੇਕ ਮਨੁੱਖ ਆਪਣੇ ਸੁਪਨੇ ਨੂੰ ਵੀ ਸਾਕਾਰ ਕਰਨਾ ਚਾਹੁੰਦਾ ਹੈ, ਜੋ ਸਾਧਨਾਂ ਦੇ ਉਪਯੋਗ ਤੋਂ ਬਿਨਾਂ ਸੰਭਵ ਨਹੀਂ ਹੈ ਅਤੇ ਸਾਧਨ ਇਕੱਠੇ ਕਰਨ ਲਈ ਤੁਹਾਡਾ ਆਰਥਕ ਰੂਪ ਨਾਲ ਸੁਤੰਤਰ ਹੋਣਾ ਬਹੁਤ ਲਾਜ਼ਮੀ ਹੈ। ਇਸ ਪੁਸਤਕ ਦੇ ਸਾਰ ਨੂੰ ਸਮਝਣ ਲਈ ਖੁੱਲ੍ਹੇ ਦਿਮਾਗ ਨਾਲ ਇਨ੍ਹਾਂ ਸਾਰੀਆਂ ਗੱਲਾਂ ਨੂੰ ਸਮਝਣਾ ਬਹੁਤ ਹੀ ਜ਼ਰੂਰੀ ਹੈ।

ਅਮੀਰ ਬਨਣ ਦੀ ਕਾਮਨਾ ਰੱਖਣਾ ਕੋਈ ਬੁਰੀ ਗੱਲ ਨਹੀਂ ਹੈ ਕਿਉਂਕਿ ਤੁਹਾਡੀ ਇਸ ਇੱਛਾ ਦੇ ਪਿੱਛੇ ਧਨ, ਵਾਧਾ, ਪੂਰਨਤਾ ਅਤੇ ਭਰਪੂਰਤਾ ਦੀ ਭਾਵਨਾ ਛੁਪੀ ਹੁੰਦੀ ਹੈ—ਜੋ ਪੂਰੀ ਤਰ੍ਹਾਂ ਕੁਦਰਤੀ ਹੈ। ਇਸ ਲਈ ਜਿਹੜਾ ਮਨੁੱਖ ਆਪਣੇ ਜੀਵਨ ਨੂੰ ਪੂਰੀ ਤਰ੍ਹਾਂ ਜੀਉਣ ਦੀ ਕਾਮਨਾ ਨਾ ਰਖਦਾ ਹੋਵੇ, ਮੇਰੀ ਨਜ਼ਰ ਵਿਚ ਉਹ ਅਸਾਧਾਰਨ ਹੈ, ਠੀਕ ਇਸੇ ਤਰ੍ਹਾਂ ਧਨ ਦੀ ਪ੍ਰਾਪਤੀ ਲਈ ਸੰਘਰਸ਼ ਤੋਂ ਪਰਹੇਜ਼ ਰੱਖਣ ਵਾਲੇ ਮਨੁੱਖ ਨੂੰ ਹੀ ਅਸਾਧਾਰਨ ਹੀ ਕਿਹਾ ਜਾਏਗਾ।

ਅਸੀਂ ਤਿੰਨ ਚੀਜ਼ਾਂ (ਸਰੀਰ, ਦਿਮਾਗ ਅਤੇ ਆਤਮਾ) ਲਈ ਜੀਂਦੇ ਹਾਂ। ਇਹਨਾਂ ਤਿੰਨਾਂ ਵਿਚੋਂ ਕੋਈ ਵੀ ਇਕ ਦੂਜੇ ਤੋਂ ਜ਼ਿਆਦਾ ਮਹੱਤਵਪੂਰਨ, ਪਵਿੱਤਰ ਅਤੇ ਵਿਸ਼ੇਸ਼ ਨਹੀਂ ਹੈ, ਤਿੰਨਾਂ ਦਾ ਆਪਣਾ ਖ਼ਾਸ ਮਹੱਤਵ ਹੈ ਅਤੇ ਇਨ੍ਹਾਂ ਵਿਚੋਂ ਕਿਸੇ ਵੀ ਇਕ ਨਾਲ ਸਮਝੌਤਾ ਕਰਕੇ ਪੂਰਨ ਜੀਵਨ ਜੀਉਣ ਦੀ ਕਾਮਨਾ ਕਰਨਾ ਵਿਅਰਥ ਹੈ। ਅੱਜ ਜ਼ਿਆਦਾਤਰ ਲੋਕ ਸਿਰਫ਼ ਸਰੀਰ ਲਈ ਜੀਅ ਰਹੇ ਹਨ। ਆਪਣੀ ਗੱਲ ਨੂੰ ਵੱਡੀ ਰੱਖਣ ਲਈ ਉਹ ਕਹਿ ਸਕਦੇ ਹਨ—ਜਦੋਂ ਤਕ ਤੁਹਾਡਾ ਸਰੀਰ ਠੀਕ ਤਰ੍ਹਾਂ ਕੰਮ ਨਹੀਂ ਕਰ ਰਿਹਾ ਹੋਵੇ ਤਦ ਤਕ ਤੁਹਾਨੂੰ ਤੰਦਰੁਸਤ ਨਹੀਂ ਕਿਹਾ ਜਾ ਸਕਦਾ, ਪਰ ਇਹੀ ਗੱਲ ਦਿਮਾਗ ਅਤੇ ਆਤਮਾ ਲਈ ਸਮਾਨ ਰੂਪ ਨਾਲ ਲਾਗੂ ਹੁੰਦੀ ਹੈ। ਸਰੀਰ, ਦਿਮਾਗ ਅਤੇ ਆਤਮਾ ਦੇ ਪੂਰਨ ਪ੍ਰਦਰਸ਼ਨ ਦੀ ਘਾਟ ਵਿਚ ਅਸੰਤੋਖ ਦਾ ਜਨਮ ਹੁੰਦਾ ਹੈ। ਇਸ ਵਿਚ ਅਧੂਰੀ ਕਾਮਨਾ ਲਗਾਤਾਰ ਆਪਣੀ ਪੂਰਨਤਾ ਦਾ ਰਾਹ ਲੱਭਦੀ ਰਹਿੰਦੀ ਹੈ।

ਸਾਡੇ ਸਰੀਰ ਨੂੰ ਚੰਗੀ ਰੋਟੀ, ਕੱਪੜਾ ਅਤੇ ਮਕਾਨ ਦੇ ਨਾਲ-ਨਾਲ ਸਖ਼ਤ



ਮਿਹਨਤ ਤੋਂ ਮੁਕਤੀ ਦੀ ਲੋੜ ਹੈ। ਇਸ ਤੋਂ ਇਲਾਵਾ ਆਰਾਮ ਅਤੇ ਮਨੋਰੰਜਨ ਵੀ ਜ਼ਰੂਰੀ ਹੈ।

ਇਸੇ ਤਰ੍ਹਾਂ ਚੰਗੀ ਮਾਨਸਿਕ ਸਿਹਤ ਲਈ ਚੰਗੀਆਂ ਪੁਸਤਕਾਂ ਪੜ੍ਹਨਾ, ਘੁੰਮਣਾ-ਫਿਰਨਾ, ਮਹਿਸੂਸ ਕਰਨਾ ਅਤੇ ਬੁੱਧੀਮਾਨ ਦੋਸਤਾਂ ਦੀ ਸੰਗਤ ਵਿਚ ਰਹਿਣਾ ਬਹੁਤ ਜ਼ਰੂਰੀ ਹੈ। ਦਿਮਾਗੀ ਕਸਰਤ, ਗੀਤ-ਸੰਗੀਤ, ਕਲਾ ਅਤੇ ਸੁੰਦਰਤਾ ਵਿਚ ਰੁਚੀ ਅਤੇ ਪ੍ਰਸ਼ੰਸਾ ਵੀ ਦਿਮਾਗ ਨੂੰ ਸਕਾਰਾਤਮਕ ਬਣਾਈ ਰਖਣ ਵਿਚ ਸਹਿਯੋਗੀ ਹੁੰਦੀ ਹੈ।

ਪ੍ਰੇਮ ਆਤਮਾ ਦਾ ਭੋਜਨ ਹੈ ਅਤੇ ਗਰੀਬੀ ਪ੍ਰੇਮ ਦੇ ਪੂਰਨ ਪ੍ਰਗਟਾਵੇ ਦਾ ਵਿਰੋਧ ਕਰਦੀ ਹੈ। ਜਿਸ ਨੂੰ ਅਸੀਂ ਪਿਆਰ ਕਰਦੇ ਹਾਂ ਉਸ ਦੀ ਮਦਦ ਕਰਨਾ ਸਾਨੂੰ ਚੰਗਾ ਲਗਦਾ ਹੈ ਕਿਉਂਕਿ ਸਮਰਪਣ ਪ੍ਰੇਮ ਦਾ ਸੁਭਾਵਕ ਗੁਣ ਹੈ। ਕਿਸੇ ਮਨੁੱਖ ਕੋਲ ਦੇਣ ਲਈ ਜੇਕਰ ਕੁੱਝ ਵੀ ਨਹੀਂ ਹੈ ਤਾਂ ਇਸ ਤਰ੍ਹਾਂ ਉਹ ਇਕ ਚੰਗਾ ਜੀਵਨ ਸਾਥੀ, ਮਾਂ-ਬਾਪ, ਨਾਗਰਿਕ ਅਤੇ ਮਨੁੱਖ ਕਿਵੇਂ ਬਣ ਸਕਦਾ ਹੈ। ਅਸੀਂ ਆਪਣੇ ਸਰੀਰ ਨੂੰ ਸੁਖੀ ਬਣਾਉਣ ਲਈ ਭੌਤਿਕ ਵਸਤੂਆਂ ਦਾ ਉਪਯੋਗ ਕਰਦੇ ਹਾਂ, ਜਿਸ ਨਾਲ ਦਿਮਾਗ ਅਤੇ ਆਤਮਾ ਦਾ ਵੀ ਵਿਕਾਸ ਹੁੰਦਾ ਹੈ, ਇਸ ਲਈ ਅਮੀਰ ਬਨਣ ਨੂੰ ਪਹਿਲ ਦੇਣਾ ਸਾਡਾ ਪਹਿਲਾ ਫ਼ਰਜ਼ ਹੈ।

ਪਹਿਲਾਂ ਤਾਂ ਤੁਹਾਡੇ ਅੰਦਰ ਅਮੀਰ ਬਨਣ ਦੀ ਕਾਮਨਾ ਹੋਣੀ ਚਾਹੀਦੀ ਹੈ। ਫਿਰ ਪੂਰੀ ਇਕਾਗਰਤਾ ਨਾਲ ਇਸ ਦੀ ਪੂਰਤੀ ਲਈ ਸਹਿਯੋਗੀ ਵਿਗਿਆਨ ਦਾ ਅਧਿਐਨ ਕਰੋ। ਜੇਕਰ ਤੁਸੀਂ ਇੰਜ ਨਹੀਂ ਕਰ ਸਕਦੇ ਤਾਂ ਸਮਝੋ ਤੁਸੀਂ ਫ਼ਰਜ਼ ਤੋਂ ਮੂੰਹ ਮੋੜ ਰਹੇ ਹੋ।

ਯਾਦ ਰਖੋ ਜੇਕਰ ਤੁਸੀਂ ਅਮੀਰ ਬਣਦੇ ਹੋ ਤਾਂ ਇਹ ਤੁਹਾਡੇ ਵੱਲੋਂ ਮਾਨਵਤਾ ਅਤੇ ਭਗਵਾਨ ਨੂੰ ਦਿੱਤਾ ਗਿਆ ਸਭ ਤੋਂ ਉੱਤਮ ਤੋਹਫ਼ਾ ਸਾਬਤ ਹੋਵੇਗਾ।

# ਅਧਿਆਇ-2

# ਅਮੀਰੀ ਦਾ ਵਿਗਿਆਨ

ਇਹ ਸਾਬਤ ਹੋ ਚੁੱਕਿਆ ਹੈ ਕਿ ਹਿਸਾਬ ਅਤੇ ਭੌਤਿਕੀ ਦੇ ਸਿਧਾਂਤਾਂ ਵਾਂਗ ਅਮੀਰੀ ਦੇ ਵੀ ਕੁਝ ਨਿਯਮ ਹਨ। ਕੋਈ ਵੀ ਮਨੁੱਖ ਇਸ ਨੂੰ ਸਿਖ ਸਕਦਾ ਹੈ ਅਤੇ ਇਹਨਾਂ ਦਾ ਪਾਲਨ ਕਰਕੇ ਅਮੀਰ ਬਣ ਸਕਦਾ ਹੈ।

ਵੇਖਿਆ ਗਿਆ ਹੈ ਕਿ ਇਕ ਨਿਸ਼ਚਿਤ ਕਾਰਜ ਵਿਧੀ ਦੇ ਨਾਲ ਲਗਾਤਾਰ ਜਤਨ ਕਰਨ ਨਾਲ ਧਨ ਦੀ ਪ੍ਰਾਪਤੀ ਹੁੰਦੀ ਹੈ, ਜਿਹੜੇ ਲੋਕ ਜਾਣੇ-ਅਨਜਾਣੇ ਇਸ ਕਾਰਜ ਵਿਧੀ ਦਾ ਪਾਲਨ ਕਰਦੇ ਹਨ ਉਹ ਅਮੀਰ ਬਣ ਜਾਂਦੇ ਹਨ ਜਦਕਿ ਬਾਕੀ ਲੋਕ ਸਖ਼ਤ ਮਿਹਨਤ ਕਰਨ ਦੇ ਬਾਅਦ ਵੀ ਗਰੀਬ ਰਹਿ ਜਾਂਦੇ ਹਨ।

ਕਿਰਿਆ-ਪ੍ਰਤੀਕਿਰਿਆ ਦੇ ਨਿਯਮ ਵਾਂਗ ਇਹ ਇਕ ਪੱਕਾ ਨਿਯਮ ਹੈ, ਇਸ ਲਈ ਜਿਹੜਾ ਵੀ ਪੁਰਸ਼ ਅਤੇ ਔਰਤ ਇਸ ਨੂੰ ਸਿਖ ਕੇ ਇਹਦਾ ਪਾਲਨ ਕਰੇਗਾ ਨਿਸ਼ਚਿਤ ਤੌਰ ਤੇ ਉਹ ਅਮੀਰ ਬਣੇਗਾ।

ਅਮੀਰ ਬਨਣਾ ਜੇਕਰ ਕਿਸੇ ਖ਼ਾਸ ਵਾਤਾਵਰਨ ਦਾ ਨਤੀਜਾ ਹੁੰਦਾ ਤਾਂ ਇਕ ਨਿਰਧਾਰਤ ਵਾਤਾਵਰਣ ਵਿਚ ਰਹਿਣ ਵਾਲੇ ਸਾਰੇ ਲੋਕ ਅਮੀਰ ਹੁੰਦੇ, ਜਾਂ ਕਿਸੇ ਖ਼ਾਸ ਸ਼ਹਿਰ ਦੇ ਸਾਰੇ ਲੋਕ ਅਮੀਰ ਹੁੰਦੇ ਅਤੇ ਬਾਕੀ ਸਾਰੇ ਸ਼ਹਿਰਾਂ ਦੇ ਲੋਕ ਗਰੀਬ ਜਾਂ ਫਿਰ ਕਿਸੇ ਨਿਸ਼ਚਿਤ ਦੇਸ-ਪ੍ਰਦੇਸ ਅਤੇ ਸਮੁਦਾਏ ਦੇ ਸਾਰੇ ਨਿਵਾਸੀ ਅਮੀਰ ਹੁੰਦੇ ਅਤੇ ਬਾਕੀ ਸਾਰੀਆਂ ਥਾਵਾਂ ਦੇ ਨਿਵਾਸੀ ਗਰੀਬ।

ਪਰ ਜੇਕਰ ਗੌਰ ਕਰੋਗੇ ਤਾਂ ਤੁਸੀਂ ਅਮੀਰਾਂ ਅਤੇ ਗਰੀਬਾਂ ਨੂੰ ਨਾਲ-ਨਾਲ, ਇਕੋ ਹੀ ਵਾਤਾਵਰਣ ਅਤੇ ਪੇਸ਼ੇ ਵਿਚ ਕੰਮ ਕਰਦਾ ਹੋਇਆ ਵੇਖੋਗੇ। ਇਕੋ ਥਾਂ ਦੇ ਦੋ ਲੋਕ ਇਕੋ ਹੀ ਪੇਸ਼ੇ ਵਿਚ ਹੁੰਦੇ ਹੋਏ ਵੀ ਅਮੀਰ ਅਤੇ ਗਰੀਬ ਹਨ; ਇਸ ਦਾ ਮਤਲਬ ਇਹ ਹੈ ਕਿ ਤੁਹਾਡੀ ਅਮੀਰੀ ਅਤੇ ਗਰੀਬੀ ਕਿਸੇ ਖ਼ਾਸ ਵਾਤਾਵਰਣ ਦਾ ਨਤੀਜਾ ਨਹੀਂ ਹੈ। ਕੁਝ ਪ੍ਰਸਥਿਤੀਆਂ ਤੁਹਾਡੇ ਲਈ ਜ਼ਿਆਦਾ ਅਨੁਕੂਲ ਹੋ ਸਕਦੀਆਂ ਹਨ, ਪਰ ਫਿਰ

ਵੀ ਇਕੋ ਜਿਹੇ ਵਾਤਾਵਰਣ ਅਤੇ ਵਪਾਰ ਦੇ ਹੁੰਦਿਆਂ ਵੀ ਕੁਝ ਲੋਕ ਸਫਲ ਹਨ ਅਤੇ ਕੁਝ ਅਸਫਲ। ਇਸ ਲਈ ਕਿਹਾ ਜਾ ਸਕਦਾ ਹੈ ਕਿ ਸਫ਼ਲਤਾ ਅਤੇ ਅਮੀਰੀ ਇਕ ਨਿਸ਼ਚਿਤ ਕਾਰਜ ਵਿਧੀ ਤੇ ਕਿਸੇ ਖ਼ਾਸ ਵਿਅਕਤੀ ਦਾ ਏਕਾਧਿਕਾਰ ਹੈ ਅਤੇ ਇਸ ਦਾ ਪਾਲਨ ਕਰਨ ਲਈ ਤੁਹਾਡੇ ਵਿਚ ਕਿਸੇ ਖ਼ਾਸ ਪ੍ਰਤਿਭਾ ਅਤੇ ਯੋਗਤਾ ਦਾ ਹੋਣਾ ਜ਼ਰੂਰੀ ਹੈ, ਕਿਉਂਕਿ ਇਸ ਦੁਨੀਆ ਵਿਚ ਵੱਡੇ ਤੋਂ ਵੱਡੇ ਪ੍ਰਤਿਭਾਸ਼ਾਲੀ ਵਿਅਕਤੀ ਘੱਟ ਕਾਬਲੀਅਤ ਵਾਲੇ ਲੋਕਾਂ ਦੀ ਨੌਕਰੀ ਕਰ ਰਹੇ ਹਨ।

ਅਮੀਰਾਂ ਦਾ ਅਧਿਐਨ ਕਰਨ ਤੇ ਪਤਾ ਚਲਿਆ ਹੈ ਕਿ ਇੰਜ ਨਹੀਂ ਹੈ ਕਿ ਹੋਰਾਂ ਦੇ ਮੁਕਾਬਲੇ ਉਹਨਾਂ ਵਿਚ ਜ਼ਿਆਦਾ ਸਮਝਦਾਰੀ, ਕਾਬਲੀਅਤ ਜਾਂ ਪ੍ਰਤਿਭਾ ਹੁੰਦੀ ਹੈ ਅਤੇ ਇਹੋ ਜਿਹਾ ਕੋਈ ਹੋਰ ਗੁਣ ਜਿਹੜਾ ਦੂਜਿਆਂ ਵਿਚ ਮੌਜੂਦ ਨਹੀਂ ਹੁੰਦਾ, ਬਲਕਿ ਉਹਨਾਂ ਦੀ ਕਾਰਜ ਵਿਧੀ ਬਿਲਕੁਲ ਵੱਖਰੇ ਢੰਗ ਦੀ ਹੁੰਦੀ ਹੈ।

ਅਮੀਰ ਬਨਣਾ ਕੰਜੂਸੀ ਅਤੇ ਧਨ ਇਕੱਠ ਕਰਨ ਦਾ ਵੀ ਨਤੀਜਾ ਨਹੀਂ ਹੈ ਕਿਉਂਕਿ ਖੁੱਲ੍ਹ ਕੇ ਪੈਸਾ ਖ਼ਰਚ ਕਰਨ ਦੀ ਆਦਤ ਵੀ ਜ਼ਿਆਦਾਤਰ ਅਮੀਰਾਂ ਵਿਚ ਹੀ ਵੇਖੀ ਜਾਂਦੀ ਹੈ, ਇਸ ਤੋਂ ਉਲਟ ਕੰਜੂਸੀ ਅਤੇ ਬਚਤ ਜਿਹੀਆਂ ਆਦਤਾਂ ਗਰੀਬਾਂ ਦੀ ਸ਼ੋਭਾ ਹੁੰਦੀਆਂ ਹਨ।

ਨਾ ਹੀ ਅਮੀਰ ਉਹਨਾਂ ਚੀਜ਼ਾਂ ਨੂੰ ਕਰਨ ਨਾਲ ਧਨੀ ਹੁੰਦੇ ਹਨ, ਜਿਸ ਨੂੰ ਕਰਨ ਨਾਲ ਹੋਰ ਲੋਕ ਅਸਫ਼ਲ ਹੋ ਜਾਂਦੇ ਹਨ ਕਿਉਂਕਿ ਇਕੋ ਪੇਸ਼ੇ ਵਿਚ ਇਕੋ ਜਿਹੀਆਂ ਚੀਜ਼ਾਂ ਕਰਨ ਨਾਲ ਵੀ ਕੁੱਝ ਲੋਕ ਸਫ਼ਲ ਹੋ ਜਾਂਦੇ ਹਨ ਅਤੇ ਕੁਝ ਦੀਵਾਲੀਆ।

ਉਪਰੋਕਤ ਸਾਰੀਆਂ ਗੱਲਾਂ ਤੋਂ ਇਹ ਨਿਚੋੜ ਨਿਕਲਦਾ ਹੈ ਕਿ ਅਮੀਰ ਬਨਣ ਲਈ ਇਕ ਨਿਰਧਾਰਤ ਕਾਰਜ ਵਿਧੀ ਤੇ ਲਗਾਤਾਰ ਜਤਨ ਕਰਨਾ ਬਹੁਤ ਹੀ ਜ਼ਰੂਰੀ ਹੈ ਅਤੇ ਜੇਕਰ ਇਹ ਗੱਲ ਸੱਚ ਹੈ ਤਾਂ ਕਿਰਿਆ-ਪ੍ਰਤੀਕਿਰਿਆ ਸਿਧਾਂਤ ਵਾਂਗ ਅਮੀਰੀ ਦਾ ਸਿਧਾਂਤ ਵੀ ਲਿਪੀਬੱਧ ਕੀਤਾ ਜਾ ਸਕਦਾ ਹੈ, ਜਿਸ ਨੂੰ ਸਿਖ ਕੇ ਉਸ ਦਾ ਪਾਲਨ ਕਰਕੇ ਕੋਈ ਵੀ ਔਰਤ ਜਾਂ ਪੁਰਸ਼ ਧਨਵਾਨ ਬਣ ਸਕਦਾ ਹੈ। ਇਸ ਨੂੰ ਅਮੀਰੀ ਦੇ ਵਿਗਿਆਨ ਦੀ ਨਵੀਂ ਸੰਗਿਆ ਦਿੱਤੀ ਜਾ ਸਕਦੀ ਹੈ।

ਦੁਨੀਆ ਭਰ ਵਿਚ ਅਮੀਰਾਂ ਦੀ ਗਿਣਤੀ ਘੱਟ ਅਤੇ ਗਰੀਬਾਂ ਦੀ ਜ਼ਿਆਦਾ ਗਿਣਤੀ ਨੂੰ ਵੇਖਦੇ ਹੋਏ ਸਵਾਲ ਕੀਤਾ ਜਾ ਸਕਦਾ ਹੈ ਕਿ ਅਮੀਰ ਬਨਣ ਦਾ ਰਾਹ ਕਿਤੇ ਮੁਸ਼ਕਲ ਤਾਂ ਨਹੀਂ ? ਜਿਵੇਂ ਕਿ ਅਸੀਂ ਅਧਿਐਨ ਕਰ ਚੁੱਕ ਹਾਂ ਕਿ ਇਹ ਗੱਲ ਸੱਚ ਨਹੀਂ ਹੈ, ਕਿਉਂਕਿ ਕੁਦਰਤ ਨੇ ਅਮੀਰ ਬਨਣ ਲਈ ਜ਼ਰੂਰੀ ਗੁਣ ਸਾਡੇ ਸਾਰਿਆਂ ਵਿਚ ਪਹਿਲਾਂ ਤੋਂ ਹੀ ਪਾਏ ਹਨ ਤਾਂਹੀਓਂ ਤਾਂ ਬੁੱਧੀਮਾਨ, ਪ੍ਰਤਿਭਾਵਾਨ, ਮੂਰਖ, ਤੰਦਰੁਸਤ, ਬਿਮਾਰ, ਬਲਵਾਨ ਅਤੇ ਕਮਜ਼ੋਰ ਹਰ ਤਰ੍ਹਾਂ ਦੇ ਲੋਕ ਅਮੀਰ ਬਣ ਚੁੱਕੇ ਹਨ।

ਜਿੱਥੋਂ ਤਕ ਸੁਨਣ, ਸੋਚਣ ਅਤੇ ਸਮਝਣ ਦੀ ਗੱਲ ਹੈ ਤਾਂ ਮੇਰਾ ਮੰਨਣਾ ਹੈ ਕਿ



ਜੋ ਵੀ ਔਰਤ ਜਾਂ ਪੁਰਸ਼ ਮੇਰੀਆਂ ਗੱਲਾਂ ਦੇ ਅਰਥ ਨੂੰ ਸਮਝ ਸਕਦਾ ਹੈ ਨਿਸ਼ਚਿਤ ਤੌਰ ਤੇ ਉਹ ਅਮੀਰ ਬਣ ਸਕਦਾ ਹੈ।

ਅਸੀਂ ਇਹ ਵੀ ਜਾਣਿਆ ਕਿ ਸਾਡਾ ਅਮੀਰ ਬਨਣਾ ਕਿਸੇ ਖ਼ਾਸ ਵਾਤਾਵਰਣ ’ਤੇ ਨਿਰਭਰ ਨਹੀਂ ਕਰਦਾ। ਹਾਂ, ਕੁਝ ਥਾਂਵਾਂ ਅਜਿਹੀਆਂ ਜ਼ਰੂਰ ਹਨ ਜਿੱਥੇ ਇਹ ਨਿਯਮ ਲਾਗੂ ਨਹੀਂ ਹੁੰਦਾ ਜਿਵੇਂ ਸਹਾਰਾ ਰੇਗਿਸਤਾਨ (ਮਾਰੂਥਲ)।

ਅਮੀਰ ਬਨਣ ਵਿਚ ਤੁਹਾਡਾ ਲੋਕ-ਵਿਹਾਰ ਵੀ ਬਹੁਤ ਮਹੱਤਵਪੂਰਨ ਹੈ। ਗਾਹਕਾਂ ਦੇ ਰੁਝਾਨ ਨੂੰ ਸਮਝਣਾ ਵੀ ਇਕ ਕਲਾ ਹੈ। ਪਰ ਇਹ ਭਾਸ਼ਾ, ਮਾਹੌਲ ਅਤੇ ਥਾਂ ਦੇ ਹਿਸਾਬ ਨਾਲ ਬਦਲ ਜਾਂਦਾ ਹੈ। ਮੈਂ ਤਾਂ ਬਸ ਏਨਾ ਜਾਣਦਾ ਹਾਂ ਕਿ ਜੇਕਰ ਤੁਹਾਡੇ ਸ਼ਹਿਰ ਦਾ ਇਕ ਵੀ ਆਦਮੀ ਅਮੀਰ ਬਣ ਸਕਦਾ ਹੈ ਤਾਂ ਤੁਸੀਂ ਕਿਉਂ ਨਹੀਂ।

ਮੈਂ ਦੁਬਾਰਾ ਦੁਹਰਾ ਦਿਆਂ ਕਿ ਅਮੀਰ ਬਨਣ ਲਈ ਕਿਸੇ ਖ਼ਾਸ ਧੰਦੇ ਜਾਂ ਵਪਾਰ ਨੂੰ ਚੁਨਣ ਦੀ ਲੋੜ ਨਹੀਂ। ਲੋਕ ਹਰ ਤਰ੍ਹਾਂ ਦੇ ਵਪਾਰ ਵਿਚ ਸਫ਼ਲਤਾ ਪ੍ਰਾਪਤ ਕਰ ਰਹੇ ਹਨ ਅਤੇ ਇਸ ਵਿਚ ਹੈਰਾਨੀ ਦੀ ਕੋਈ ਗੱਲ ਨਹੀਂ ਹੈ ਜੇਕਰ ਇਕੋ ਹੀ ਪੇਸ਼ੇ ਵਿਚ ਤੁਹਾਡਾ ਗੁਆਂਢੀ ਤੁਹਾਥੋਂ ਜਾਂ ਤੁਸੀਂ ਉਸ ਤੋਂ ਜ਼ਿਆਦਾ ਕਾਮਯਾਬ ਹੋ।

ਜਿਹੜੇ ਕੰਮ ਵਿਚ ਤੁਹਾਡੀ ਰੁਚੀ ਹੈ ਜੇਕਰ ਤੁਸੀਂ ਉਸੇ ਵਿਚ ਹੱਥ ਪਾਉਂਗੇ ਤਾਂ ਹੀ ਆਪਣਾ ਸਭ ਤੋਂ ਜ਼ਿਆਦਾ ਪ੍ਰਦਰਸ਼ਨ ਕਰ ਸਕੋਂਗੇ। ਨਾਲ ਹੀ ਸਹੀ ਤਰ੍ਹਾਂ ਨਾਲ ਵਿਕਸਿਤ ਕੀਤੇ ਗਏ ਗੁਣ (ਪ੍ਰਤਿਭਾ) ਤੁਹਾਡੀ ਸਫ਼ਲਤਾ ਦੀ ਗਾਰੰਟੀ ਬਣ ਸਕਦੇ ਹਨ। ਆਪਣੇ ਵਾਤਾਵਰਣ ਦੇ ਅਨੁਕੂਲ ਵਪਾਰ ਦੀ ਚੋਣ ਕਰੋ—ਆਈਸਕ੍ਰੀਮ ਦਾ ਵਪਾਰ ਕਰਨ ਲਈ ਠੰਢੀ ਜਲਵਾਯੂ ਦੀ ਬਜਾਏ ਗਰਮ ਪ੍ਰਦੇਸ਼ ਜ਼ਿਆਦਾ ਠੀਕ ਰਹਿੰਦੇ ਹਨ, ਮੱਛੀ ਉਦਯੋਗ ਲਈ ਫਲੋਰੀਡਾ ਦੀ ਬਜਾਏ ਅਮਰੀਕਾ ਦੇ ਉੱਤਰ-ਪੱਛਮੀ ਹਿੱਸੇ ਜ਼ਿਆਦਾ ਉਪਯੋਗੀ ਹਨ।

ਤੁਹਾਡੀ ਸਫ਼ਲਤਾ ਕਿਸੇ ਖ਼ਾਸ ਧੰਦੇ ਤੇ ਨਿਰਭਰ ਨਹੀਂ ਕਰਦੀ, ਇਸ ਦੇ ਲਈ ਤੁਹਾਨੂੰ ਇਕ ਨਿਸ਼ਚਿਤ ਪ੍ਰੋਗਰਾਮ ਦਾ ਲਗਾਤਾਰ ਪਾਲਨ ਕਰਨਾ ਹੁੰਦਾ ਹੈ। ਜੇਕਰ ਇਕੋ ਵਪਾਰ ਵਿਚ ਤੁਹਾਡਾ ਗੁਆਂਢੀ ਤੁਹਾਡੇ ਤੋਂ ਜ਼ਿਆਦਾ ਕਾਮਯਾਬ ਹੈ ਤਾਂ ਇਹਦਾ ਮਤਲਬ ਹੈ ਕਿ ਤੁਹਾਡੇ ਦੋਹਾਂ ਦੀ ਕਾਰਜ ਵਿਧੀ ਦਾ ਫ਼ਰਕ ਹੈ। ਜੇਕਰ ਤੁਸੀਂ ਵੀ ਅਮੀਰ ਬਨਣਾ ਚਾਹੁੰਦੇ ਹੋ ਤਾਂ ਕਿਸਮਤ ਨੂੰ ਕੋਸਣਾ ਛੱਡ ਕੇ ਆਪਣੇ ਗੁਆਂਢੀ ਦੀ ਨਕਲ ਕਰਨੀ ਹੋਵੇਗੀ।

ਧਨ ਦੀ ਕਮੀ ਕਿਸੇ ਦੇ ਅਮੀਰ ਬਨਣ ਵਿਚ ਰੁਕਾਵਟ ਪੈਦਾ ਨਹੀਂ ਕਰਦੀ। ਜੇਕਰ ਤੁਹਾਡੇ ਕੋਲ ਬਹੁਤ ਸਾਰਾ ਪੈਸਾ ਹੈ ਤਾਂ ਤੁਹਾਨੂੰ ਅਮੀਰ ਬਨਣ ਦੇ ਵਿਸ਼ੇ ਵਿਚ ਚਿੰਤਾ ਕਰਨ ਦੀ ਲੋੜ ਹੀ ਨਹੀਂ ਹੈ। ਜੇਕਰ ਤੁਸੀਂ ਰੁਪਏ-ਪੈਸੇ ਦੀ ਤੰਗੀ ਤੋਂ ਪਰੇਸ਼ਾਨ ਹੋ ਤਾਂ ਤੁਸੀਂ ਅਮੀਰੀ ਦੇ ਵਿਗਿਆਨ ਦਾ ਪਾਲਨ ਕਰਨਾ ਸ਼ੁਰੂ ਕਰੋਗੇ ਤਾਂ ਕੁਝ ਹੀ ਸਮੇਂ ਬਾਅਦ ਤੁਸੀਂ ਵੇਖੋਗੇ ਕਿ ਤੁਸੀਂ ਅਮੀਰ ਬਨਣਾ ਸ਼ੁਰੂ ਹੋ ਗਏ ਹੋ। ਧਨ-ਦੌਲਤ

ਦਾ ਆਉਣਾ ਇਸ ਗੱਲ ਦਾ ਸੂਚਕ ਹੇ ਕਿ ਤੁਸੀਂ ਅਮੀਰ ਬਣਦੇ ਜਾ ਰਹੇ ਹੋ ਨਾਲ ਹੀ ਇਸ ਗੱਲ ਦਾ ਵੀ ਸੂਚਕ ਹੈ ਕਿ ਤੁਸੀਂ ਅਮੀਰੀ ਦੇ ਵਿਗਿਆਨ ਦਾ ਪਾਲਨ ਠੀਕ ਤਰ੍ਹਾਂ ਕਰ ਰਹੇ ਹੋ।

ਤੁਸੀਂ ਇਸ ਧਰਤੀ ਉੱਤੇ ਸਭ ਤੋਂ ਜ਼ਿਆਦਾ ਗਰੀਬ ਇਨਸਾਨ ਹੋ ਸਕਦੇ ਹੋ, ਹੋ ਸਕਦਾ ਹੈ ਤੁਸੀਂ ਬੁਰੀ ਤਰ੍ਹਾਂ ਕਰਜ਼ ਵਿਚ ਡੁੱਬੇ ਹੋਏ ਹੋਵੋ, ਕੋਈ ਵੀ ਤੁਹਾਡਾ ਮਿੱਤਰ ਨਹੀਂ ਤੁਸੀਂ ਅਪ੍ਰਭਾਵੀ ਹੋ ਅਤੇ ਤੁਹਾਡੇ ਕੋਲ ਸਾਧਨਾਂ ਦੀ ਕਮੀ ਹੋਵੇ, ਇਸ ਦੇ ਬਾਵਜੂਦ ਵੀ ਜਦੋਂ ਤੁਸੀਂ ਅਮੀਰੀ ਦੇ ਸਿਧਾਂਤਾਂ ਦਾ ਪਾਲਨ ਕਰਨਾ ਸ਼ੁਰੂ ਕਰ ਦਿੰਦੇ ਹੋ ਤਾਂ ਕਿਰਿਆ-ਪ੍ਰਤੀਕਿਰਿਆ ਨਿਯਮ ਦੇ ਅਨੁਸਾਰ ਤੁਹਾਡਾ ਅਮੀਰ ਬਨਣਾ ਪੱਕਾ ਹੋ ਜਾਂਦਾ ਹੈ। ਤੁਹਾਡੇ ਕੋਲ ਪੈਸਾ ਨਹੀਂ ਹੈ ਫਿਰ ਵੀ ਤੁਸੀਂ ਅਮੀਰ ਬਣ ਸਕਦੇ ਹੋ। ਜੇਕਰ ਤੁਸੀਂ ਗਲਤ ਧੰਦੇ ਵਿਚ ਹੋ, ਤੁਸੀਂ ਆਪਣੇ ਲਈ ਇਕ ਮਨਪਸੰਦ ਵਪਾਰ ਦੀ ਚੋਣ ਕਰ ਸਕਦੇ ਹੋ। ਤੁਸੀਂ ਗਲਤ ਸ਼ਹਿਰ ਜਾਂ ਪ੍ਰਾਂਤ ਵਿਚ ਰਹਿੰਦੇ ਹੋ ਤਾਂ ਤੁਸੀਂ ਆਪਣੀ ਮਨਚਾਹੀ ਥਾਂ ’ਤੇ ਜਾ ਸਕਦੇ ਹੋ। ਤੁਸੀਂ ਇਹ ਸਾਰਾ ਕੁਝ ਵਰਤਮਾਨ ਵਾਤਾਵਰਣ ਅਤੇ ਵਪਾਰ ਕਰਕੇ ਅਮੀਰੀ ਦੇ ਉਸ ਵਿਗਿਆਨ ਦਾ ਪਾਲਨ ਕਰਦੇ ਹੋਏ ਕਰ ਸਕਦੇ ਹੋ ਜਿਸ ਦਾ ਨਤੀਜਾ ਸੌ ਪ੍ਰਤੀਸ਼ਤ ਸਫ਼ਲਤਾ ਹੈ।

ਆਓ ਕੁਦਰਤ ਦੇ ਨਿਯਮਾਂ ਨਾਲ ਕਦਮ ਨਾਲ ਕਦਮ ਮਿਲਾ ਕੇ ਚਲੀਏ।

*“ਮੌਕਾ ਕਿਸੇ ਕੰਮ ਵਿਚ ਨਹੀਂ ਬਲਕਿ ਤੁਹਾਡੇ ਵਿਚ ਛਿਪਿਆ ਹੁੰਦਾ ਹੈ।”*



**ਅਧਿਆਇ-3**

# ਇਕੋ ਜਿਹੇ ਮੌਕੇ

ਇਸ ਤਰ੍ਹਾਂ ਨਹੀਂ ਹੈ ਕਿ ਧਨ ’ਤੇ ਕਿਸੇ ਇਕ ਵਿਅਕਤੀ ਦਾ ਅਧਿਕਾਰ ਹੈ, ਕੋਈ ਤੁਹਾਨੂੰ ਅਮੀਰ ਬਨਣ ਤੋਂ ਰੋਕਣਾ ਚਾਹੁੰਦਾ ਹੈ ਜਾਂ ਫਿਰ ਧਨ ਦੀ ਪ੍ਰਾਪਤੀ ਤੁਹਾਡੇ ਭਾਗਾਂ ਵਿਚ ਨਹੀਂ ਹੈ। ਜੇਕਰ ਤੁਸੀਂ ਸੋਚਦੇ ਹੋ ਕਿ ਤੁਹਾਡੇ ਪ੍ਰਾਂਤ ਅਤੇ ਵਪਾਰ ਵਿਚ ਸਫ਼ਲਤਾ ਦੇ ਸਾਰੇ ਮੌਕੇ ਖ਼ਤਮ ਹੋ ਚੁੱਕੇ ਹਨ, ਤਾਂ ਇਸ ਹਾਲਤ ਵਿਚ ਕਾਮਯਾਬੀ ਦੀ ਨਵੀਆਂ ਦਿਸ਼ਾਵਾਂ ਵੱਲ ਆਪਣਾ ਧਿਆਨ ਕੇਂਦਰਿਤ ਕਰਨਾ ਠੀਕ ਰਹੇਗਾ।

ਮੌਕੇ ਦੀ ਤਰੰਗਾਂ ਭਰਪੂਰ ਮਾਤਰਾ ਵਿਚ ਸਾਰਿਆਂ ਦੇ ਇਕੋ ਜਿਹੇ ਕਲਿਆਣ ਲਈ ਸਮੇਂ-ਸਮੇਂ ਤੇ ਸਮਾਜਿਕ ਤਰੱਕੀ ਵਿਚ ਆਪਣਾ ਸਹਿਯੋਗ ਦਿੰਦੀਆਂ ਹਨ। ਇਹਨਾਂ ਤੋਂ ਲਾਭ ਉਠਾਉਣ ਲਈ ਤੁਹਾਨੂੰ ਉਲਟੀ ਦਿਸ਼ਾ ਵਿਚ ਜਾਣ ਦੀ ਬਜਾਏ ਇਹਨਾਂ ਨਾਲ ਤੈਰਨਾ ਹੋਵੇਗਾ।

ਕੁਦਰਤ ਕਿਸੇ ਨੂੰ ਵੀ ਮੌਕੇ ਦਾ ਲਾਭ ਉਠਾਉਣ ਤੋਂ ਨਹੀਂ ਰੋਕਦੀ। ਰਾਜਾ ਹੋਵੇ ਜਾਂ ਰੰਕ, ਅਮੀਰ ਹੋਵੇ ਜਾਂ ਗਰੀਬ, ਨੌਕਰ ਹੋਵੇ ਜਾਂ ਮਾਲਕ ਕੁਦਰਤ ਸਾਰਿਆਂ ਨੂੰ ਸਮਾਨ ਰੂਪ ਨਾਲ ਤਰੱਕੀ ਦੇ ਮੌਕੇ ਪ੍ਰਦਾਨ ਕਰਦੀ ਹੈ। ਨੌਕਰਾਂ ਨੂੰ ਉਹਨਾਂ ਦੇ ਮਾਲਕਾਂ ਵੱਲੋਂ ਦਬਾ ਕੇ ਜਾਂ ਫਿਰ ਵੱਡੇ ਵਪਾਰ ਦੇ ਮਾਧਿਅਮ ਨਾਲ ਕੁਚਲ ਕੇ ਗਰੀਬ ਨਹੀਂ ਬਣਾਇਆ ਜਾਂਦਾ ਬਲਕਿ ਉਹਨਾਂ ਲੋਕਾਂ ਦੀ ਕਾਰਜ ਵਿਧੀ, ਸੋਚ ਅਤੇ ਨਜ਼ਰੀਆ ਅਮੀਰੀ ਦੇ ਵਿਗਿਆਨ ਦੇ ਵਿਰੋਧੀ ਹੁੰਦੇ ਹਨ।

ਦਾਸ (ਗਰੀਬ) ਵੀ ਸਵਾਮੀ (ਅਮੀਰ) ਬਣ ਸਕਦੇ ਹੈ ਬਸ਼ਰਤੇ ਕਿ ਉਹ ਅਮੀਰੀ ਦੇ ਵਿਗਿਆਨ ਦੀ ਦਿਸ਼ਾ ਵਿਚ ਸੋਚਣਾ ਸ਼ੁਰੂ ਕਰ ਦੇਂਦਾ। ਇਹ ਨਿਯਮ ਸਾਰਿਆਂ ਲਈ ਸਮਾਨ ਰੂਪ ਨਾਲ ਕੰਮ ਕਰਦੇ ਹਨ। ਬਸ ਤੁਹਾਨੂੰ ਇਨ੍ਹਾਂ ਨਿਯਮਾਂ ਨੂੰ ਸਮਝ ਕੇ ਇਹਨਾਂ ਦਾ ਪਾਲਨਾ ਕਰਨਾ ਹੋਵੇਗਾ ਅਤੇ ਜਿਹੜੇ ਲੋਕ ਫਿਰ ਵੀ ਇਹਨਾਂ ਦਾ ਪਾਲਨ ਨਹੀਂ ਕਰਨਗੇ ਈਸ਼ਵਰ ਦੇ ਰਾਜ ਵਿਚ ਉਹਨਾਂ ਨੂੰ ਗਰੀਬ ਰਖਿਆ ਜਾਏਗਾ। ਜਿਹੜੇ ਲੋਕ

ਅਜੇ ਤਕ ਇਹਨਾਂ ਨਿਯਮਾਂ ਤੋਂ ਅਨਜਾਣ ਸੀ, ਇਹ ਪੁਸਤਕ ਉਹਨਾਂ ਲੋਕਾਂ ਲਈ ਇਹਨਾਂ ਨਿਯਮਾਂ ਨੂੰ ਸਿਖ ਕੇ ਅਮੀਰ ਬਨਣ ਦਾ ਇਕ ਚੰਗਾ ਮਾਧਿਅਮ (ਮੌਕਾ) ਸਾਬਤ ਹੋ ਸਕਦੀ ਹੈ।

ਸਪਲਾਈ ਦੀ ਕਮੀ ਵਿਚ ਇਥੇ ਕਿਸੇ ਨੂੰ ਗਰੀਬ ਨਹੀਂ ਰਖਿਆ ਗਿਆ ਹੈ; ਕੁਦਰਤ ਦੇ ਗਰਭ ਵਿਚ ਛਿਪੀ ਤੁਹਾਡੀ ਜ਼ਰੂਰਤ ਤੋਂ ਕਿਤੇ ਜ਼ਿਆਦਾ ਸੰਪਦਾ ਤੁਹਾਨੂੰ ਸਪਲਾਈ ਲਈ ਹਮੇਸ਼ਾ ਤਿਆਰ ਹੈ। ਛੋਟੇ ਜਿਹੇ ਪ੍ਰਾਂਤ ਮਾਤਰ ਵਿਚ ਉਪਲਬਧ ਬਹੁਤ ਜ਼ਿਆਦਾ ਨਿਰਮਾਣ ਸਮੱਗਰੀ ਨਾਲ ਧਰਤੀ ਤੇ ਵਸੇ ਹਰੇਕ ਪਰਿਵਾਰ ਲਈ ਵੱਡੇ-ਵੱਡੇ ਮਹਿਲ ਤਿਆਰ ਕੀਤੇ ਜਾ ਸਕਦੇ ਹਨ। ਇਸ ਤੋਂ ਇਲਾਵਾ ਸਰੀਰ ਢਕਣ ਲਈ ਬੇਸ਼ਕੀਮਤੀ ਕੱਪੜਾ ਅਤੇ ਖਾਣ ਲਈ ਸੁਆਦੀ ਭੋਜਨ ਦਾ ਵੀ ਖ਼ਾਸ ਪ੍ਰਬੰਧ ਕੀਤਾ ਜਾਏਗਾ, ਕਿਉਂਕਿ ਸਪਲਾਈ ਦੇ ਆਦਰਸ਼ ਭੰਡਾਰ ਅਨੰਤ ਦੇ ਸਮਾਨ ਵਿਸ਼ਾਲ ਹੈ।

ਧਰਤੀ ’ਤੇ ਤੁਸੀਂ ਜੋ ਕੁਝ ਵੀ ਵੇਖਦੇ ਹੋ ਉਸ ਦਾ ਨਿਰਮਾਣ ਮੂਲ ਤੱਤ ਨਾਲ ਹੋਇਆ ਹੈ, ਇਸੇ ਨਾਲ ਹਰ ਚੀਜ਼ ਦੀ ਰਚਨਾ ਕੀਤੀ ਜਾਂਦੀ ਹੈ, ਨਵੀਆਂ ਅਵਸਥਾਵਾਂ ਅਤੇ ਰੂਪਾਂ ਨੂੰ ਜਨਮ ਦਿੱਤਾ ਜਾਂਦਾ ਹੈ ਅਤੇ ਪੁਰਾਤਨ ਨੂੰ ਮਿਟਾ ਦਿੱਤਾ ਜਾਂਦਾ ਹੈ। ਹਰੇਕ ਨਿਰਮਾਣ ਦੇ ਪਿੱਛੇ ਈਸ਼ਵਰ ਦੀ ਯੋਜਨਾ, ਕਾਰਜ ਵਿਧੀ ਅਤੇ ਕਲਪਨਾ ਕੰਮ ਕਰ ਰਹੀ ਹੈ।

ਮੂਲ ਤੱਤ ਨੂੰ ਅਸੀਮਤ ਸਪਲਾਈ ਲਗਾਤਾਰ ਜਾਰੀ ਹੈ। ਧਰਤੀ ਦੀ ਰਚਨਾ ਵੀ ਇਸੇ ਮੂਲ ਤੱਤ ਨਾਲ ਕੀਤੀ ਗਈ ਹੈ। ਬ੍ਰਹਿਮੰਡ ਵਿਚ ਸ਼ਾਮਲ ਚੰਨ, ਤਾਰੇ, ਸੂਰਜ, ਅਸਮਾਨ, ਪ੍ਰਕਾਸ਼, ਜਲ, ਵਾਯੂ, ਗ੍ਰਹਿ, ਉਪਗ੍ਰਹਿ ਆਦਿ ਸਾਰੀਆਂ ਪ੍ਰਤੱਖ-ਅਪ੍ਰਤੱਖ ਚੀਜ਼ਾਂ ਅਤੇ ਅਵਸਥਾਵਾਂ ਦਾ ਜਨਮ ਵੀ ਇਸੇ ਮੂਲ ਤੱਤ ਨਾਲ ਹੋਇਆ ਹੈ। ਫਿਰ ਵੀ ਇਸ ਦਾ ਅੰਸ਼ ਮਾਤਰ ਤੱਕ ਖ਼ਤਮ ਨਹੀਂ ਹੋਇਆ।

ਕਿਸੇ ਦੀ ਗਰੀਬੀ ਲਈ ਕੁਦਰਤ ਅਤੇ ਇਸ ਦੇ ਵਿਸ਼ਾਲ ਸਰੋਤ ਜ਼ਿੰਮੇਵਾਰ ਨਹੀਂ ਹਨ। ਕੁਦਰਤ ਦੇ ਕੋਲ ਕਦੇ ਨਾ ਖ਼ਤਮ ਹੋਣ ਵਾਲਾ ਖ਼ਜ਼ਾਨਾ ਹੈ ਜਿਸ ਦੇ ਚਲਦਿਆਂ ਸਪਲਾਈ ਵਿਚ ਕਦੇ ਰੁਕਾਵਟ ਆਉਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਮੂਲ ਤੱਤ ਨਿਰਮਾਣ ਊਰਜਾ ਨਾਲ ਮਿਲ ਕੇ ਲਗਾਤਾਰ ਨਵੀਆਂ ਸੰਭਾਵਨਾਵਾਂ, ਮੌਕਿਆਂ, ਰੂਪਾਂ ਅਤੇ ਅਵਸਥਾਵਾਂ ਨੂੰ ਜਨਮ ਦੇ ਰਿਹਾ ਹੈ। ਨਿਰਮਾਣ ਸਮੱਗਰੀ ਦੀ ਸਪਲਾਈ ਵਿਚ ਰੁਕਾਵਟ ਪੈਣ ਤੇ ਇਸ ਨੂੰ ਹੋਰ ਜ਼ਿਆਦਾ ਮਾਤਰਾ ਵਿਚ ਤਿਆਰ ਕੀਤਾ ਜਾਏਗਾ, ਤਾਂਕਿ ਵੈਭਵਸ਼ਾਲੀ ਭਵਨ ਤਿਆਰ ਕੀਤੇ ਜਾ ਸਕਣ। ਜ਼ਮੀਨ ਦੇ ਬੰਜਰ ਹੋਣ ਤੇ ਉਹਨੂੰ ਹੋਰ ਜ਼ਿਆਦਾ ਉਪਜਾਉ ਬਣਾਇਆ ਜਾਏਗਾ ਤਾਂਕਿ ਕੱਪੜੇ ਅਤੇ ਭੋਜਨ ਸਮੱਗਰੀ ਦੀ ਸਪਲਾਈ ਬਣੀ ਰਹੇ। ਲੋੜ ਪੈਣ ਤੇ ਸੋਨੇ, ਚਾਂਦੀ ਅਤੇ ਹੀਰੇ-ਜਵਾਹਰਾਤ ਨੂੰ ਜਾਂ ਤਾਂ ਧਰਤੀ ਦੇ ਗਰਭ ’ਚੋਂ ਬਾਹਰ ਕੱਢਿਆ ਜਾਏਗਾ ਜਾਂ ਮੂਲ ਤੱਤ ਨਾਲ ਪੈਦਾ ਕੀਤਾ ਜਾਏਗਾ। ਯਾਦ ਰਖੋ ਸੰਪੂਰਨ ਮਾਨਵਤਾ ਲਈ ਬਹੁਤ ਜ਼ਰੂਰੀ ਚੀਜ਼ਾਂ ਦੀ



ਸਪਲਾਈ ਲਈ ਇਕ-ਮਾਤਰ ਮੂਲ ਤੱਤ ਉਤਰਦਾਈ ਹਨ, ਅਤੇ ਮੂਲ ਤੱਤ ਆਪਣੀ ਇਸ ਜ਼ਿੰਮੇਵਾਰੀ ਤੋਂ ਕਦੇ ਪਿੱਛੇ ਨਹੀਂ ਹਟੇਗਾ।

ਇਹ ਸਾਰੀ ਮਾਨਵ ਜ਼ਾਤੀ ਲਈ ਸਮੂਹਿਕ ਰੂਪ ਨਾਲ ਸੱਚ ਹੈ। ਭਰਪੂਰ ਮਾਤਰਾ ਵਿਚ ਧਨ ਦੀ ਪ੍ਰਾਪਤੀ ਸਾਡਾ ਫ਼ਰਜ਼ ਵੀ ਹੈ ਅਤੇ ਅਧਿਕਾਰ ਵੀ। ਜੇਕਰ ਕੋਈ ਫਿਰ ਵੀ ਆਪਣੀ ਗਰੀਬੀ ਤੋਂ ਖ਼ੁਸ਼ ਹੈ ਤਾਂ ਉਹ ਕੁਦਰਤ ਦੇ ਨਿਯਮਾਂ ਦੇ ਉਲੰਘਣ ਦਾ ਦੋਸ਼ੀ ਹੈ।

‘ਵਿਚਾਰ’ ਮੂਲ ਤੱਤ ਦਾ ਇਕ ਅੰਸ਼ ਮਾਤਰ ਹੈ। ਇਸ ਲਈ ਮੂਲ ਤੱਤ ਵੀ ਸੋਚਣ-ਸਮਝਣ ਦੀ ਸਮਰੱਥਾ ਰਖਦਾ ਹੈ। ਮੂਲ ਤੱਤ ਜੀਵਨ ਨੂੰ ਭਰਪੂਰਤਾ ਵੱਲ ਪ੍ਰੇਰਤ ਕਰਦੇ ਹੋਏ ਲਗਾਤਾਰ ਕੰਮ ਕਰਦੇ ਹਨ।

ਭਰਪੂਰਤਾ ਦੀ ਖੋਜ, ਸੂਚਨਾ, ਪ੍ਰਸਾਰ ਅਤੇ ਅਸੀਮਤ ਆਤਮ-ਪ੍ਰਗਟਾਵਾ ਜੀਵਨ ਦੀ ਪ੍ਰਕਿਰਤੀ ਹੈ। ਪੂਰਨ ਪ੍ਰਦਰਸ਼ਨ ਦੀ ਪ੍ਰਾਪਤੀ ਲਈ ਅਨਾਕਾਰ ਤੱਤ ਵਿਸ਼ਵ ਦੇ ਰੂਪ ਵਿਚ ਆਕਾਰ ਗ੍ਰਹਿਣ ਕਰਦਾ ਹੈ। ਸਾਡੀ ਧਰਤੀ ਇਸ ਦਾ ਜੀਉਂਦਾ-ਜਾਗਦਾ ਉਦਾਹਰਣ ਹੈ। ਭਰਪੂਰਤਾ ਵਿੱਚ ਸਹਿਯੋਗ ਲਈ ਕੁਦਰਤ ਦੀ ਰਚਨਾ ਕੀਤੀ ਗਈ ਹੈ। ਜੀਵਨ ਵਿਸਤਾਰ ਲਈ ਲੋੜ ਦੀ ਸਾਰੀ ਸਮੱਗਰੀ ਤੁਹਾਡੇ ਤਕ ਕੁਦਰਤ ਦੇ ਮਾਧਿਅਮ ਨਾਲ ਪਹੁੰਚਾਈ ਜਾ ਰਹੀ ਹੈ। ਇਹ ਪਰਮਾਤਮਾ ਦੀ ਯੋਜਨਾ ਹੈ, ਜਿਸ ਦਾ ਖੰਡਨ ਕਰਨਾ ਉਹਨਾਂ (ਈਸ਼ਵਰ) ਦਾ ਹੀ ਅਧਿਕਾਰ ਹੈ।

ਤੁਹਾਡੀ ਗਰੀਬੀ ਲਈ ਕੁਦਰਤ ਅਤੇ ਇਸ ਦੇ ਵਿਸ਼ਾਲ ਸਰੋਤ ਕਿਉਂ ਉੱਤਰਦਾਈ ਨਹੀਂ ਹਨ; ਅਮੀਰੀ ਦਾ ਰਹੱਸ ਕੀ ਹੈ; ਇਹ ਮੈਂ ਤੁਹਾਨੂੰ ਅਗਲੇ ਕੁਝ ਪਾਠਾਂ ਵਿਚ ਪੂਰੀ ਤਰ੍ਹਾਂ ਸਪਸ਼ਟ ਕਰਾਂਗਾ।

*“ਕੋਈ ਵੀ ਖਾਲੀ ਪੇਟ ਚੰਗਾ ਸਲਾਹਕਾਰ ਨਹੀਂ ਬਣ ਸਕਦਾ।”*

*-ਆਇਨਸਟੀਨ*

# ਬਹੁਲਤਾ ਦਾ ਸਿਧਾਂਤ

ਅਸੀਂ ਅਨੰਤ ਬ੍ਰਹਿਮੰਡ ਵਿਚ ਰਹਿੰਦੇ ਹਾਂ। ਜਿਨ੍ਹਾਂ ਲੋਕਾਂ ਨੂੰ ਪੂਰਾ ਵਿਸ਼ਵਾਸ ਹੈ ਇੱਥੇ ਉਨ੍ਹਾਂ ਲਈ ਬਹੁਲਤਾ ਦੀ ਕਮੀ ਨਹੀਂ ਹੈ ਉਨ੍ਹਾਂ ਸਾਰਿਆਂ ਲਈ ਇੱਥੇ ਅਪਾਰ ਧਨ-ਦੌਲਤ ਹੈ। ਇੱਥੇ ਘਾਟ ਦੇ ਕਾਰਨ ਕਿਸੇ ਨੂੰ ਵੀ ਗਰੀਬ ਨਹੀਂ ਰੱਖਿਆ ਗਿਆ ਹੈ। ਇਸ ਲਈ ਤੁਸੀਂ ਜੋ ਕੁੱਝ ਵੀ ਚਾਹੁੰਦੇ ਹੋ ਉਸ ਨੂੰ ਪ੍ਰਾਪਤ ਕਰ ਸਕਦੇ ਹੋ, ਲੋੜ ਹੈ ਤਾਂ ਬਸ ਦ੍ਰਿੜ੍ਹ ਇੱਛਾ ਸ਼ਕਤੀ ਦੇ ਨਾਲ ਸਹੀ ਮੌਕੇ ਤੇ ਲਗਾਤਾਰ ਜਤਨ ਕਰਨ ਦੀ। ਤੁਸੀਂ ਅਮੀਰ ਬਣੋਗੇ ਜਾਂ ਨਹੀਂ ਇਹ ਬਹੁਲਤਾ ਦੇ ਪ੍ਰਤੀ ਤੁਹਾਡੇ ਦ੍ਰਿਸ਼ਟੀਕੋਣ (ਨਜ਼ਰੀਏ) ’ਤੇ ਨਿਰਭਰ ਕਰਦਾ ਹੈ।

ਬਹੁਲਤਾ ਦੇ ਨਿਯਮ ਅਨੁਸਾਰ—ਜੋ ਲੋਕ ਠਾਣ ਲੈਂਦੇ ਹਾਂ ਉਨ੍ਹਾਂ ਨੂੰ ਅਮੀਰ ਬਣਾਇਆ ਜਾਂਦਾ ਹੈ।

ਲੋਕ ਅਮੀਰ ਬਣਦੇ ਹਨ ਕਿਉਂਕਿ ਉਨ੍ਹਾਂ ਆਪਣੀ ਯੋਗਤਾ ’ਤੇ ਵਿਸ਼ਵਾਸ ਹੁੰਦਾ ਹੈ। ਉਹ ਇਕ ਨਿਸ਼ਚਿਤ ਦਿਸ਼ਾ ਵਿਚ ਜਤਨ ਕਰਦੇ ਹਨ, ਅਤੇ ਆਪਣਾ ਸੁਪਨਾ ਸਾਕਾਰ ਕਰਨ ਵਿਚ ਰਾਤ ਦਿਨ ਇਕ ਕਰ ਦਿੰਦੇ ਹਨ।

ਬਹੁਲਤਾ ਦਾ ਦੂਸਰਾ ਨਿਯਮ ਕਹਿੰਦਾ ਹੈ—ਜੋ ਲੋਕ ਫ਼ੈਸਲਾ ਨਹੀਂ ਕਰਦੇ ਉਹ ਖ਼ੁਦ ਹੀ ਗਰੀਬ ਰਹਿ ਜਾਂਦੇ ਹਨ।

ਬਾੱਬ ਜਿਨ ਦੀ ਪੁਸਤਕ ‘ਰੈਟ ਰੇਸ’ ਵਿਚ ਹਿਕ ਬੁੱਢਾ ਧਨੀ ਵਿਅਕਤੀ ਉਸ ਨੌਜਵਾਨ, ਜੋ ਉਸ ਕੋਲੋਂ ਅਮੀਰ ਬਣਨ ਦਾ ਫ਼ਾਰਮੂਲਾ ਪੁੱਛਣ ਆਇਆ ਸੀ, ਤੋਂ ਪੁੱਛਦਾ ਹੈ, “ਤੈਨੂੰ ਪਤਾ ਹੈ, ਤੂੰ ਹਾਲੀਂ ਤਕ ਅਮੀਰ ਕਿਉਂ ਨਹੀਂ ਕਰ ਸਕਿਆ ?”

ਜੇਕਰ ਇਹੀ ਸਵਾਲ ਮੈਂ ਤੁਹਾਨੂੰ ਪੁੱਛਾਂ, ਤਾਂ ਤੁਸੀਂ ਇਸ ਦਾ ਕੀ ਜਵਾਬ ਦਿਓਗੇ ? ਅੱਜ ਇਹੀ ਸਵਾਲ ਆਪਣੇ ਬਾਰੇ ’ਚ ਬਹੁਤ ਕੁਝ ਪਤਾ ਲਗਣ ਦਾ ਇਕ ਮਾਧਿਅਮ ਬਣ ਸਕਦਾ ਹੈ।

ਮੇਰੀ ਸਲਾਹ ਹੈ ਕਿ ਇਸ ਦੇ ਜਵਾਬ ਵਿਚ ਤੁਸੀਂ ਖ਼ੁਦ ਨੂੰ ਅਮੀਰ ਬਣਨ ਤੋਂ ਰੋਕਣ ਵਾਲੇ ਕਾਰਨਾਂ ਦੀ ਇਕ ਸੂਚੀ ਤਿਆਰ ਕਰੋ। ਤੁਹਾਨੂੰ ਜਾਣ ਕੇ ਹੈਰਾਨੀ ਹੋਵੇਗੀ ਕਿ ਤੁਹਾਡੇ ਕੋਲ ਅਜਿਹਾ ਨਾ ਕਰ ਸਕਣ ਦੇ ਇਕ ਹਜ਼ਾਰ ਤੋਂ ਵੀ ਜ਼ਿਆਦਾ ਅਜਿਹੇ ਬਹਾਨੇ ਹਨ, ਜਿਨ੍ਹਾਂ ਨਾਲ ਤੁਹਾਨੂੰ ਪਿਆਰ ਹੋ ਚੁਕਾ ਹੈ।

ਪਰ ਹੁਣ ਸਮਾਂ ਆ ਗਿਆ ਹੈ ਕਿ ਇਨ੍ਹਾਂ ਤੋਂ ਪਿੱਛਾ ਛੁਡਾਇਆ ਜਾਏ। ਸੰਸਾਰ ਭਰ ਵਿਚ ਹਜ਼ਾਰਾਂ ਅਜਿਹੇ ਲੋਕ ਹੋਏ ਹਨ ਜਿਨ੍ਹਾਂ ਨੇ ਕਠਿਨਾਈਆਂ ਤੋਂ ਪਾਰ ਪਾਉਣਾ ਸਿਖ ਕੇ ਅਨੋਖੀ ਸਫ਼ਲਤਾ ਪ੍ਰਾਪਤ ਕੀਤੀ ਹੈ।

ਇਸ ਲਈ ਨਿਰਾਸ਼ਾ ਛੱਡ ਕੇ ਸਫ਼ਲਤਾ ਲਈ ਕਮਰ ਕੱਸ ਲਓ। ਪੂਰੀ ਈਮਾਨਦਾਰੀ ਨਾਲ ਉਨ੍ਹਾਂ ਰੁਕਾਵਟਾਂ ਨੂੰ ਲੱਭੋ ਜਿਨ੍ਹਾਂ ਦੇ ਕਾਰਨ ਹਾਲੀਂ ਤਕ ਤੁਸੀਂ ਅਮੀਰ ਨਹੀਂ ਬਣ ਸਕੇ ਅਤੇ ਹਰ ਚੰਗੇ-ਮਾੜੇ ਅਨੁਭਵ ਤੋਂ ਸਿੱਖਿਆ ਲੈਂਦੇ ਹੋਏ ਅੱਗੇ ਵਧਦੇ ਰਹਿਣ ਦਾ ਫ਼ੈਸਲਾ ਕਰੋ।

ਬ੍ਰਾਇਨ ਟ੍ਰੇਸੀ

*"ਜ਼ਿਆਦਾਤਰ ਲੋਕ ਇਸ ਲਈ ਅਮੀਰ ਨਹੀਂ ਬਣ ਸਕਦੇ ਕਿਉਂਕਿ ਜ਼ਿੰਦਗੀ ਭਰ ਉਹ ਦੂਸਰਿਆਂ ਦੇ ਟੀਚਿਆਂ 'ਤੇ ਕੰਮ ਕਰਦੇ ਰਹਿੰਦੇ ਹਨ।"*

*-ਜੇ. ਪਾੱਲ ਗੈੱਟੀ*



# ਕਾਰਜ ਮੁਕਤੀ ਦੀ ਤਲਾਸ਼

*"ਆਲਸੀ ਮਨੁੱਖ ਕਿਸੇ ਵੀ ਰਾਸ਼ਟਰ ਦੀ ਤਰੱਕੀ ਵਿੱਚ ਸਭ ਤੋਂ ਵੱਡੀ ਰੁਕਾਵਟ ਹੁੰਦੇ ਹਨ।"*

*ਆਰ. ਬੁਕਮਿੰਸਟਰ ਫੁਲਰ*

ਸਖ਼ਤ ਮਿਹਨਤ, ਇਹੀ ਇਕ ਅਜਿਹੀ ਚੀਜ਼ ਹੈ ਜਿਸ ਨੂੰ ਕਰਨ ਤੋਂ ਜ਼ਿਆਦਾਤਰ ਲੋਕ ਕਤਰਾਉਂਦੇ ਹਨ। ਮੈਂ ਆਪਣੇ ਅਜਿਹੇ ਬਹੁਤ ਸਾਰੇ ਦੋਸਤਾਂ ਨੂੰ ਜਾਣਦਾ ਹਾਂ ਜੋ ਡੀਂਗਾਂ ਮਾਰਦੇ ਨਹੀਂ ਥੱਕਦੇ, "ਮੈਨੂੰ ਸੋਲ੍ਹਾਂ ਘੰਟੇ ਕੰਮ ਕਰਨਾ ਚੰਗਾ ਲਗਦਾ ਹੈ।" ਅੱਗੇ ਵਧਣ ਦੀ ਕਾਮਨਾ ਦੇ ਨਾਲ ਜ਼ਿਆਦਾ ਘੰਟਿਆਂ ਤਕ ਕੰਮ ਕਰਨ ਵਿਚ ਮੈਂ ਨਹੀਂ ਸਮਝਦਾ ਕਿ ਕੋਈ ਬੁਰਾਈ ਹੈ, ਸਿਵਾਏ ਇਸ ਦੇ ਕਿ ਇਸ ਵਿਚ ਤੁਹਾਨੂੰ ਥੋੜ੍ਹਾ ਆਪਣੀ ਸਿਹਤ, ਪਰਿਵਾਰ, ਖ਼ੁਸ਼ੀਆਂ ਅਤੇ ਨੀਂਦ ਦੇ ਨਾਲ ਸਾਰੀ ਉਮਰ ਸਮਝੌਤਾ ਕਰਨਾ ਪੈ ਸਕਦਾ ਹੈ।

ਪਰ ਜਦੋਂ ਤੁਸੀਂ ਦੁਨੀਆ ਦੇ ਸਭ ਤੋਂ ਜ਼ਿਆਦਾ ਧਨੀ ਆਦਮੀ ਬਣਨਾ ਚਾਹੁੰਦੇ ਹੋ ਤਾਂ ਤੁਹਾਡੀ ਇਸ 16 ਘੰਟੇ ਦੀ ਸੀਮਤ ਮਾਨਸਿਕਤਾ ਦੇ ਨਾਲ ਕੰਮ ਚੱਲਣ ਵਾਲਾ ਨਹੀਂ। ਕਿਉਂਕਿ ਇਕ ਘੰਟਾ ਕੰਮ ਕਰਕੇ ਤੁਹਾਨੂੰ ਜਿੰਨਾ ਲਾਭ ਮਿਲਦਾ ਹੈ, ਦੋ ਘੰਟੇ ਕੰਮ ਕਰਕੇ ਨਿਸ਼ਚਿਤ ਹੀ ਤੁਹਾਨੂੰ ਦੁਗੱਣਾ ਲਾਭ ਮਿਲੇਗਾ, ਪਰ ਕਰੋੜਪਤੀ ਮਾਨਸਿਕਤਾ ਦੀ ਪੂਰਤੀ ਦੇ ਚਲਦਿਆਂ ਤੁਹਾਨੂੰ ਨਵੇਂ ਤਰ੍ਹਾਂ ਦੇ ਗਣਿਤ ਨੂੰ ਲੱਭਣਾ ਹੀ ਹੋਵੇਗਾ।

ਸ਼ਾਇਦ ਤੁਹਾਨੂੰ ਪਤਾ ਹੀ ਹੋਵੇਗਾ ਕਿ ਸਫ਼ਲਤਾ, ਸਖ਼ਤ ਮਿਹਨਤ ਦੇ ਕ੍ਰਮ ਦੇ ਉਲਟ-ਫੇਰ ਦੀ ਅਨੁਪਾਤੀ (Inversely Proportional) ਹੁੰਦੀ ਹੈ ਭਾਵ ਸਖ਼ਤ ਮਿਹਨਤ ਦੇ ਘਟਣ ਦੇ ਨਾਲ ਸਫ਼ਲਤਾ ਦੀ ਦਰ ਵਿੱਚ ਵਾਧਾ ਹੁੰਦਾ ਹੈ। ਇਸ ਦਾ ਸਿੱਧਾ ਜਿਹਾ ਅਰਥ ਇਹ ਹੋਇਆ ਕਿ ਜੇਕਰ ਮਿਹਨਤ ਦਾ ਮਾਨ ਜ਼ੀਰੋ ਕਰ ਦਿੱਤਾ ਜਾਏ ਤਾਂ ਅਸੀਮਤ ਸਫ਼ਲਤਾ ਤਕ ਪਹੁੰਚਿਆ ਜਾ ਸਕਦਾ ਹੈ।



ਸਾਰਾ ਸੰਸਾਰ ਸਖ਼ਤ ਮਿਹਨਤੀਆਂ ਨਾਲ ਭਰਿਆ ਪਿਆ ਹੈ ਪਰ ਉਨ੍ਹਾਂ ਵਿਚੋਂ ਬਹੁਤ ਹੀ ਘੱਟ ਲੋਕ ਸਫ਼ਲ ਹਨ। ਭਾਵ ਮਿਹਨਤ ਹੀ ਸਫ਼ਲਤਾ ਦੀ ਕੁੰਜੀ ਹੈ ਦਾ ਰਾਗ ਅਲਾਪਣ ਵਾਲੇ ਲੋਕ ਤੁਹਾਨੂੰ ਗੁੰਮਰਾਹ ਕਰ ਰਹੇ ਹਨ। ਇਸ ਲਈ ਵੱਡੀ ਸਫ਼ਲਤਾ ਚਾਹੀਦੀ ਹੈ ਤਾਂ ਆਪਣੇ ਅੰਦਰ ਕੁਝ ਵੀ ਨਾ ਕਰਨ ਦੀ ਯੋਗਤਾ (Effortlessness) ਨੂੰ ਪੈਦਾ ਕਰੋ, ਤਦੇ ਸੱਚੇ ਅਰਥਾਂ ਵਿਚ ਤੁਸੀਂ ਸਫ਼ਲ ਬਣ ਸਕੋਗੇ।

ਕਿਸੇ ਵੀ ਕਾਰਖਾਨੇ 'ਤੇ ਨਜ਼ਰ ਮਾਰੋ ਤਾਂ ਤੁਹਾਨੂੰ ਪਤਾ ਚਲੇਗਾ ਕਿ ਜੋ ਜਿੰਨੀ ਜ਼ਿਆਦਾ ਸਖ਼ਤ ਮਿਹਨਤ ਕਰਦਾ ਹੈ ਉਸ ਨੂੰ ਓਨੀ ਹੀ ਘੱਟ ਤਨਖਾਹ ਦਿੱਤੀ ਜਾਂਦੀ ਹੈ। ਠੀਕ ਇਸ ਦੇ ਉਲਟ ਘੱਟ ਮਿਹਨਤ ਕਰਨ ਵਾਲੇ ਲੋਕਾਂ ਨੂੰ ਹੀ ਜ਼ਿਆਦਾ ਤਨਖਾਹ ਮਿਲਦੀ ਹੈ। ਕੋਈ ਵਿਅਕਤੀ ਆਪਣੀ ਸਰੀਰਕ ਤਾਕਤ ਦਾ ਉਪਯੋਗ ਕਰਕੇ ਜੇਕਰ ਬਿਜਲੀ ਬਣਾਉਣ ਦਾ ਜਤਨ ਕਰੇ ਤਾਂ ਸਾਰੀ ਜ਼ਿੰਦਗੀ ਸਖ਼ਤ ਤੋਂ ਸਖ਼ਤ ਮਿਹਨਤ ਕਰਕੇ ਵੀ ਉਹ 4.30 ਡਾਲਰ ਤੋਂ ਜ਼ਿਆਦਾ ਕੀਮਤੀ ਦੀ ਬਿਜਲੀ ਨਹੀਂ ਬਣਾ ਸਕੇਗਾ। ਯਾਕਿ ਕਿ ਹੁਣ ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਘੱਟ ਤੋਂ ਘੱਟ ਸਖ਼ਤ ਮਿਹਨਤ ਕਰਕੇ ਹੀ ਜ਼ਿਆਦਾ ਤੋਂ ਜ਼ਿਆਦਾ ਸਫ਼ਲਤਾ ਪ੍ਰਾਪਤ ਕੀਤੀ ਜਾ ਸਕਦੀ ਹੈ।

*"ਪ੍ਰੇਰਿਤ ਕਰਨ ਲਈ ਸਾਨੂੰ ਅਸਫ਼ਲਤਾ ਨਾਲ ਡਰਾਇਆ ਜਾਂਦਾ ਹੈ।"*


*-ਫ੍ਰੇਡ ਗੁਟਜੋਨ*



## *QFORD Best-Sellers*

### DARE TO FAIL / ਤਾਕਤ ਅਸਫਲਤਾ ਦੀ

(ਜੋ ਡਰ ਗਿਆ, ਉਹ ਮਰ ਗਿਆ)




This book is dedicated to all the millions of people who have tried and failed in whatever they have attempted; to those who have still not achieved the things they want in life; to those who have climbed to great heights but have fallen; to the multitudes who have suffered greatly in their journey through life.

In a world where material achievement is being equated to 'success', many people give up, become very disappointed, some even commit suicide when they fail to get what they want.

What these people fail to know is that in the lives of all the world's greatest achievers lie a path laden with many mistakes, set backs, disappointments and failures. But these stories are seldom told. Failing is considered Taboo!

Now for the 1st time in the world, a book has revealed it all - DARE TO FAIL. For too long we have listened to success stories, now let's listen to the other side of the success story. Who then is the best person to share this inspiring message other than Mr. Billi Lim, the world's first Failure Guru and No. 1 Best-selling author.

Billi, currently Asia's top speaker, is a highly sought after motivational & inspirational speaker whose current speaking circuit covers Malaysia, India, Singapore, Brunei, Indonesia, Thailand, Vietnam, Philippines, Japan, Hong Kong, China, Taiwan, and USA.

Available in Hindi & English

## The Science of Getting Rich

The Science of Getting RICH is the 100-year-old book that inspired Rhonda Byrne's bestselling The Secret- Explains the precise series of practical steps that, if followed, guarantee prosperity- Reveals the secrets that underlie today's success and prosperity movements. In his bestselling book, Wallace D. Wattles explains that "universal mind" underlies and permeates all creation. Through the process of visualization we can engage the law of attraction - impressing our thoughts upon "formless substance" and bringing the desired object or circumstances into material form. The author emphasizes the critical importance of attitude: only by aligning ourselves with the positive forces of natural law can we gain unlimited access to the creative mind and its abundant rewards. The Science of Getting Rich holds the secret to how economic and emotional security can be achieved in a practical, imaginative, and noncompetitive way, while maintaining a loving and harmonious relationship with all of life. By living in accordance with the positive principles outlined in this book, we can find our rightful place in the cosmic scheme and create for ourselves an environment in which to grow in wealth, wisdom, and happiness. Rhonda Byrne, in her book, The Secret, tells how a 100-year-old book entered her life and changed it forever. Here is that book. Written in 1910, The Science of Getting Rich inspired Byrne to create her bestselling video, and subsequently, to write her book. She has said that it gave me a glimpse of The Secret. It was like a flame inside of my heart. And with every day since, it's just become a raging fire of wanting to share all of this with the world. "There is a science of getting rich. It is an exact science, like algebra or arithmetic. There are certain laws which govern the process of acquiring riches. Once a person learns and obeys these laws, he will get rich with mathematical certainty." - Wallace D. Wattles, The Science of Getting Rich

Also available
in Hindi, English & Marathi